
FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE 1973 THE LINK GROUP 2024
WEEKLY NEWSPAPER
VOL. : 12 ISSUE : 15 SATURDAY, 13 APRIL, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਅਕਾਲੀ ਆਗੂ ਤੇ ਸਾਬਕਾ ਮੰਤਰੀ ਮਲੂਕਾ ਦੀ ਨੂੰਹ ਅਤੇ ਪੁੱਤਰ ਭਾਜਪਾ ਵਿਚ ਸ਼ਾਮਲ

ਨਵੀਂ ਦਿੱਲੀ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਤੇ ਸਾਬਕਾ ਆਈਏਐੱਸ ਅਧਿਕਾਰੀ ਪਰਮਪਾਲ ਕੌਰ ਸਿੱਧੂ ਤੇ ਉਨ੍ਹਾਂ ਦਾ ਪੁੱਤਰ ਗੁਰਪ੍ਰੀਤ ਸਿੰਘ ਵੀਰਵਾਰ ਨੂੰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਮਲੂਕਾ ਲੋਕ ਸਭਾ ਚੋਣਾਂ ਲਈ ਬਣਾਈ ਗਈ ਅਕਾਲੀ ਦਲ ਦੀ ਮੈਨੀਫੈਸਟੋ ਕਮੇਟੀ ਦੇ ਮੈਂਬਰ ਹਨ। ਭਾਜਪਾ ਵੱਲੋਂ ਪਰਮਪਾਲ ਕੌਰ ਸਿੱਧੂ ਨੂੰ ਬਠਿੰਡਾ ਤੋਂ ਚੋਣ ਮੈਦਾਨ ਵਿੱਚ ਉਤਾਰੇ ਜਾਣ ਦੀ ਉਮੀਦ ਹੈ, ਜਿੱਥੇ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਚੌਥੀ ਵਾਰ ਮੈਦਾਨ 'ਚ ਹਨ। ਪਰਮਪਾਲ ਕੌਰ 2011 ਬੈਚ ਦੀ ਆਈਏਐੱਸ ਅਧਿਕਾਰੀ ਹਨ ਤੇ ਉਨ੍ਹਾਂ 31 ਅਕਤੂਬਰ ਨੂੰ ਸੇਵਾਮੁਕਤੀ ਤੋਂ ਪਹਿਲਾਂ ਅਸਤੀਫ਼ਾ ਦੇ ਦਿੱਤਾ ਹੈ। ਪਰਮਪਾਲ ਕੌਰ ਸਿੱਧੂ ਤੇ ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਨੂੰ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਵਿਜੈ ਰੂਪਾਣੀ ਦੀ ਮੌਜੂਦਗੀ ਵਿੱਚ ਭਾਜਪਾ ਵਿੱਚ ਸ਼ਾਮਲ ਕੀਤਾ ਗਿਆ। ਭਾਜਪਾ ਵਿੱਚ ਸ਼ਾਮਲ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਮਪਾਲ ਕੌਰ ਨੇ ਕਿਹਾ ਕਿ ਭਾਜਪਾ ਵਾਂਗ ਕਿਸੇ ਹੋਰ ਪਾਰਟੀ ਕੋਲ ਦੇਸ਼ ਲਈ ਵਿਜ਼ਨ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਦੀ ਤਾਕਤ ਨੂੰ ਹੁਣ ਪੂਰੀ ਦੁਨੀਆ ਪਛਾਣ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ



ਵਿਕਾਸ ਮੁਖੀ ਨੀਤੀਆਂ ਤੋਂ ਪ੍ਰੇਰਿਤ ਹੋਏ ਹਨ। ਪਰਮਪਾਲ ਕੌਰ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ (ਬੀਡੀਪੀਓ) ਵਜੋਂ ਸਰਕਾਰੀ ਨੌਕਰੀ ਵਿੱਚ ਸ਼ਾਮਲ ਹੋਈ ਸੀ। ਜਦੋਂ ਉਨ੍ਹਾਂ ਦੇ ਸਹੁਰੇ ਸਿਕੰਦਰ ਸਿੰਘ ਮਲੂਕਾ ਬਾਦਲ ਸਰਕਾਰ ਵਿੱਚ ਸਿੱਖਿਆ ਮੰਤਰੀ ਸਨ ਤਾਂ ਡਾਇਰੈਕਟਰ ਜਨਰਲ, ਸਕੂਲ ਸਿੱਖਿਆ ਦੇ ਦਫ਼ਤਰ ਨਾਲ ਜੁੜੇ ਇੱਕ ਵਾਧੂ ਪ੍ਰਾਜੈਕਟ ਡਾਇਰੈਕਟਰ ਵਜੋਂ ਉਹ ਉਥੇ ਤਾਇਨਾਤ ਰਹੇ ਸਨ। ਉਨ੍ਹਾਂ ਨੂੰ 2015 ਵਿੱਚ ਆਈਏਐੱਸ ਬਣਾਇਆ ਗਿਆ ਸੀ। ਪਰਮਪਾਲ ਕੌਰ ਸਿੱਧੂ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਮੁੱਖ ਸਕੱਤਰ ਵੱਲੋਂ ਉਨ੍ਹਾਂ ਦਾ ਅਸਤੀਫ਼ਾ ਮੁੱਖ ਮੰਤਰੀ ਨੂੰ ਮਨਜ਼ੂਰੀ ਲਈ ਭੇਜ ਦਿੱਤਾ ਗਿਆ ਸੀ। ਉਨ੍ਹਾਂ ਦੇ ਸਹੁਰੇ ਸਿਕੰਦਰ ਸਿੰਘ ਮਲੂਕਾ ਨੇ ਐਲਾਨ ਕੀਤਾ ਹੈ ਕਿ ਉਹ ਪਾਰਟੀ ਨਹੀਂ ਬਦਲਣਗੇ।

## ਪਰਮਪਾਲ ਕੌਰ ਦਾ ਅਸਤੀਫ਼ਾ ਮਨਜ਼ੂਰ ਨਹੀਂ ਕੀਤਾ-ਮੁੱਖ ਮੰਤਰੀ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ 'ਐਕਸ' 'ਤੇ ਪੁਸ਼ਟੀ ਕੀਤੀ ਕਿ ਪਰਮਪਾਲ ਕੌਰ ਦਾ ਅਸਤੀਫ਼ਾ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਨਹੀਂ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਅਸਤੀਫ਼ੇ ਦਾ ਵਿਧੀ ਵਿਧਾਨ ਹੁੰਦਾ ਹੈ ਅਤੇ ਪ੍ਰਕਿਰਿਆ 'ਚੋਂ ਲੰਘਣਾ ਪੈਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਸਤੀਫ਼ੇ ਦੀ ਪ੍ਰਵਾਨਗੀ ਤੋਂ ਬਿਨਾਂ ਅਗਲਾ ਕਦਮ ਉਠਾਉਣ ਕਰਕੇ ਸਾਰੀ ਉਮਰ ਦੀ ਕਮਾਈ ਵੀ ਖ਼ਤਰੇ ਵਿਚ ਪੈ ਸਕਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਹਲੀ ਵਿਚ ਹੀ ਪਰਮਪਾਲ ਕੌਰ ਆਈਏਐੱਸ ਬਣੇ ਸਨ।

## ਕਿਸਾਨਾਂ ਦੇ ਮਸਲੇ ਹੱਲ ਹੁੰਦੇ ਤਾਂ ਅਕਾਲੀ-ਭਾਜਪਾ ਗੱਠਜੋੜ ਵੀ ਹੋ ਜਾਂਦਾ-ਮਜੀਠੀਆ

ਮੁਕੇਰੀਆਂ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਸੂਬੇ ਦੇ ਕਿਸਾਨਾਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬ ਦੇ ਅਰਥਚਾਰੇ ਬਾਰੇ ਮਸਲਿਆਂ ਦੇ ਠੋਸ ਹੱਲ ਨਾ ਹੋਣ ਕਾਰਨ ਅਕਾਲੀ-ਭਾਜਪਾ ਗੱਠਜੋੜ ਨੇਪਰੇ ਨਹੀਂ ਚੜ੍ਹਿਆ।



ਮੋਦੀ ਸਰਕਾਰ ਦੀਆਂ ਖੇਤੀ ਨੂੰ ਤਬਾਹ ਕਰਨ ਵਾਲੀਆਂ ਨੀਤੀਆਂ ਕਾਰਨ ਹੀ ਵਾਹਗਾ ਬਾਰਡਰ ਰਾਹੀਂ ਵਪਾਰ ਨਹੀਂ ਖੋਲ੍ਹਿਆ ਜਾ ਰਿਹਾ। ਉਹ ਅੱਜ ਇੱਥੇ ਜਨਰਲ ਸਕੱਤਰ ਸਰਬਜੋਤ ਸਿੰਘ ਸਾਬੀ ਦੀ ਅਗਵਾਈ 'ਚ ਵਰਕਰ ਸੰਮੇਲਨ ਨੂੰ ਸੰਬੋਧਨ ਕਰਨ ਪੁੱਜੇ ਸਨ। ਮਜੀਠੀਆ ਨੇ ਕਿਹਾ ਕਿ ਰਾਮ ਰਹੀਮ ਨੂੰ ਬਿਨਾਂ ਕਿਸੇ ਰੋਕ ਦੇ ਪੈਰੋਲਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਕੇਂਦਰ ਵਲੋਂ ਨੋਟੀਫਿਕੇਸ਼ਨ ਦੇ ਬਾਵਜੂਦ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ, "ਭਗਵੰਤ ਮਾਨ ਦਾ ਦਿਨੇ ਸਮਝੌਤਾ ਕਾਂਗਰਸ ਅਤੇ ਰਾਤ ਦਾ ਸਮਝੌਤਾ ਭਾਜਪਾ ਨਾਲ ਹੈ। ਕੇਂਦਰ ਦੀ ਮੋਦੀ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਨੇ ਆਪਸੀ ਗੰਢਤੁੱਪ ਕਰਕੇ ਹੀ ਪੰਜਾਬ ਦੇ ਸਿੱਖ ਨੌਜਵਾਨਾਂ 'ਤੇ ਐਨਐਸਏ ਲਗਾਇਆ ਹੈ।"

## ਚੋਣ ਕਮਿਸ਼ਨ ਨੇ ਅਕਾਲੀ ਦਲ ਦੇ ਪ੍ਰਧਾਨ ਨੂੰ ਭੇਜਿਆ ਨੋਟਿਸ

ਲੁਧਿਆਣਾ-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੱਢੀ ਜਾ ਰਹੀ 'ਪੰਜਾਬ ਬਚਾਓ' ਯਾਤਰਾ ਦੌਰਾਨ ਬੱਚਿਆਂ ਤੋਂ ਨਾਅਰੇ ਲਗਵਾਉਣਾ ਅਕਾਲੀ ਦਲ ਨੂੰ ਭਾਰੀ ਪੈ ਗਿਆ। ਆਮ ਆਦਮੀ ਪਾਰਟੀ ਵੱਲੋਂ ਬੱਚਿਆਂ ਤੋਂ ਨਾਅਰੇ ਲਗਵਾਉਣ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਕੀਤੀ ਗਈ ਸੀ ਜਿਸ 'ਤੇ ਚੋਣ ਕਮਿਸ਼ਨ ਨੇ ਬਾਦਲ ਨੂੰ ਨੋਟਿਸ ਜਾਰੀ ਕਰ ਜਵਾਬ ਤਲਬ ਕੀਤਾ ਹੈ। ਬੱਚਿਆਂ ਵੱਲੋਂ ਰਾਏਕੋਟ 'ਚ ਟਰੈਕਟਰ 'ਤੇ ਚੜ੍ਹ ਕੇ 'ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ', 'ਵੋਟ ਪਾਓ ਅਕਾਲੀ ਦਲ ਨੂੰ' ਅਤੇ 'ਪੰਜਾਬ ਬਚਾਓ' ਵਰਗੇ ਨਾਅਰੇ ਲਾਉਣ ਦੀ ਵੀਡੀਓ ਵੀ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸੋਸ਼ਲ ਮੀਡੀਆ 'ਤੇ ਪਾਈ ਹੈ। ਇਸ ਮਾਮਲੇ ਵਿਚ ਚੋਣ ਕਮਿਸ਼ਨ ਚੰਡੀਗੜ੍ਹ ਦਫ਼ਤਰ 'ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸ਼ਿਕਾਇਤ ਕੀਤੀ ਹੈ, ਜਿਸ 'ਤੇ ਸੂਬਾ ਰਿਟਰਨਿੰਗ ਅਧਿਕਾਰੀ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੂੰ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਸੂਤਰਾਂ ਅਨੁਸਾਰ ਚੋਣ ਕਮਿਸ਼ਨ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਨੋਟਿਸ ਦਾ ਜਵਾਬ ਵੀ ਭੇਜ ਦਿੱਤਾ ਹੈ, ਪਰ ਚੋਣ ਕਮਿਸ਼ਨ ਉਸ ਜਵਾਬ ਤੋਂ ਸੰਤੁਸ਼ਟ ਨਹੀਂ ਹੈ। ਇਲਾਕੇ 'ਚ ਸ਼੍ਰੋਮਣੀ ਅਕਾਲੀ ਦਲ ਜੋ ਪੰਜਾਬ ਬਚਾਓ ਯਾਤਰਾ ਕੱਢੀ ਹੈ, ਉਸ 'ਚ ਸਿੱਧੇ ਤੌਰ 'ਤੇ ਬੱਚਿਆਂ ਨੂੰ ਰਾਜਨੀਤੀ ਨਾਲ ਜੋੜ ਕੇ ਪ੍ਰਚਾਰ ਕਰਵਾਇਆ ਗਿਆ ਹੈ। ਜਦੋਂ ਕਿ ਬੱਚਿਆਂ ਤੋਂ ਇਸ ਤਰ੍ਹਾਂ ਪ੍ਰਚਾਰ ਕਰਵਾਉਣਾ ਕਾਨੂੰਨਨ ਗ਼ਲਤ ਹੈ। ਚੀਮਾ ਦੀ ਸ਼ਿਕਾਇਤ ਤੋਂ ਬਾਅਦ ਅਧਿਕਾਰੀਆਂ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ।

## ਅਕਾਲੀ ਦਲ ਵੱਲੋਂ ਭਗਵੰਤ ਮਾਨ ਤੇ ਸੰਜੈ ਸਿੰਘ ਵਿਰੁੱਧ ਚੋਣ ਕਮਿਸ਼ਨ ਨੂੰ ਸ਼ਿਕਾਇਤ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਤੇ ਸੰਸਦ ਮੈਂਬਰ ਸੰਜੈ ਸਿੰਘ ਵਿਰੁੱਧ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਸ਼ਿਕਾਇਤ ਦਿੱਤੀ ਹੈ। ਇਸ ਵਿੱਚ ਅਕਾਲੀ ਦਲ ਨੇ ਭਗਵੰਤ ਮਾਨ ਤੇ ਸੰਜੈ ਸਿੰਘ ਵੱਲੋਂ ਚੋਣਾਂ ਵਿੱਚ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਦੀ ਦੁਰਵਰਤੋਂ ਕਰਨ ਦੇ ਦੋਸ਼ ਲਗਾਏ ਹਨ।





ਇਹ ਸ਼ਿਕਾਇਤ ਅਕਾਲੀ ਦਲ ਦੇ ਮੁੱਖ ਬੁਲਾਰੇ ਤੇ ਲੀਗਲ ਸੈੱਲ ਦੇ ਪ੍ਰਧਾਨ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਸੰਸਦ ਮੈਂਬਰ ਸੰਜੈ ਸਿੰਘ ਨੇ ਆਪਣੇ ਸਿਆਸੀ ਅਹੁਦਿਆਂ ਦੀ ਦੁਰਵਰਤੋਂ ਕਰਦਿਆਂ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਹੈ। ਇਨ੍ਹਾਂ ਨੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਪੰਜਾਬ ਦੇ ਮੀਡੀਆ ਪਲੇਟਫਾਰਮ ਦੀ ਦੁਰਵਰਤੋਂ 'ਆਪ' ਦੇ ਸਿਆਸੀ ਪ੍ਰਚਾਰ ਲਈ ਕੀਤੀ ਹੈ। ਸ੍ਰੀ ਕਲੇਰ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਸੰਸਦ ਮੈਂਬਰ ਸੰਜੈ ਸਿੰਘ ਨੇ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ 'ਆਪ' ਵਿਧਾਇਕਾਂ ਤੇ ਲੋਕ ਸਭਾ ਉਮੀਦਵਾਰਾਂ ਨਾਲ ਮੀਟਿੰਗ ਕੀਤੀ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਂਉਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਗੁਰਦੁਆਰਾ ਬਰੁੱਕਸਾਈਡ ਵਿਖੇ ਸੰਗਤਾਂ ਨੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਨਿਭਾਈ

ਸਰੀ (ਹਰਦਮ ਮਾਨ)-ਸਰੀ ਸਥਿਤ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੰਗਤ ਵੱਲੋਂ ਬੀਤੇ ਦਿਨ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਬੜੇ ਹੀ ਚਾਵਾਂ ਨਾਲ ਨਿਭਾਈ ਗਈ। ਬੱਚਿਆਂ, ਜਵਾਨਾਂ, ਬਜ਼ੁਰਗਾਂ, ਬੀਬੀਆਂ ਤੇ ਮਾਤਾਵਾਂ ਨੇ ਹਰੇਕ ਸਾਲ ਦੀ ਤਰ੍ਹਾਂ ਬੜੇ ਹੀ ਉਤਸ਼ਾਹ ਨਾਲ ਸੇਵਾ ਦੇ ਕਾਰਜ ਵਿਚ ਯੋਗਦਾਨ ਪਾਇਆ। ਨਿਸ਼ਾਨ ਸਾਹਿਬ ਨੂੰ ਹਾਈਡਰੋਲਿਕ ਨਾਲ ਨੀਵਿਆਂ ਕਰਕੇ ਪੁਰਾਣਾ ਚੋਲਾ ਉਤਾਰਿਆ ਗਿਆ। ਸਾਫ ਸਫਾਈ ਅਤੇ ਧੁਲਾਈ ਉਪਰੰਤ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਨਵਾਂ ਚੋਲਾ ਚੜ੍ਹਾਉਣ ਦੀ ਸੇਵਾ ਵਿਚ ਰਲਮਿਲ ਕੇ ਹੱਥ ਵਟਾਇਆ। ਚੋਲਾ ਬਦਲਣ ਦੀ ਸੇਵਾ ਗਿਆਨੀ ਜੀ ਵੱਲੋਂ ਅਰਦਾਸ ਉਪਰੰਤ ਸ਼ੁਰੂ ਹੋਈ ਅਤੇ ਅਰਦਾਸ ਨਾਲ ਹੀ ਸੇਵਾ ਮੁਕੰਮਲ ਹੋਈ। ਸੇਵਾ ਦੌਰਾਨ ਰਾਗੀ ਜੱਥਿਆਂ ਨੇ ਕੀਰਤਨ ਰਾਹੀਂ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ। ਹਾਜ਼ਰ ਸੰਗਤਾਂ ਨੇ "ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਨਾਲ ਚੋਲਾ ਬਦਲਣ ਦੇ ਇਸ ਸਮਾਗਮ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।






# ਜੀਵਨ ਸ਼ੇਰਗਿੱਲ ਨਿਊ ਕੈਨੇਡਾ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਬਣੇ

ਸਰੀ-ਬੀਤੇ ਦਿਨੀਂ ਨਿਊ ਕੈਨੇਡਾ ਕਬੱਡੀ ਫੈਡਰੇਸ਼ਨ ਦੀ ਹੋਈ ਚੋਣ ਵਿਚ ਉੱਘੇ ਕਬੱਡੀ ਪ੍ਰੋਮੋਟਰ ਜੀਵਨ ਸ਼ੇਰਗਿੱਲ ਨੂੰ ਪ੍ਰਧਾਨ ਤੇ ਕੁਲਵਿੰਦਰ ਸਿੰਘ ਸੰਧੂ ਨੂੰ ਜਨਰਲ ਸਕੱਤਰ ਚੁਣਿਆ ਗਿਆ। ਹੋਰਨਾਂ ਅਹੁਦੇਦਾਰਾਂ ਵਿਚ ਚੇਅਰਪਰਸਨ ਗੱਸ਼ਾ ਗਿੱਲ, ਵਾਈਸ ਪ੍ਰਧਾਨ ਸਤਨਾਮ ਪਵਾਰ, ਸੀਨੀਅਰ ਵਾਈਸ ਪ੍ਰਧਾਨ ਗੁਰਜੀਤ ਬੜੈਚ, ਖਜ਼ਾਨਚੀ ਬਲਜੀਤ ਪਵਾਰ ਤੇ ਡਾਇਰੈਕਟਰ ਓਂਕਾਰ ਸ਼ੇਰਗਿੱਲ, ਕਮਲਜੀਤ ਸੰਧੂ, ਪਰਮ ਗਿੱਲ, ਜਗਸੀਰ ਰੰਧਾਵਾ, ਮੈਨੀ ਢਿੱਲੋਂ, ਗੋਪੀ ਪਵਾਰ ਤੇ ਜਸਵੰਤ ਜਵੰਦਾ ਬਣਾਏ ਗਏ। ਇਸੇ ਦੌਰਾਨ ਨਵੇਂ ਚੁਣੇ ਗਏ ਪ੍ਰਧਾਨ ਜੀਵਨ ਸ਼ੇਰਗਿੱਲ ਨੇ ਆਪਣੀ ਚੋਣ ਲਈ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਫੈਡਰੇਸ਼ਨ ਵਲੋਂ ਕੈਨੇਡਾ ਦੇ ਜੰਮਪਲ ਬੱਚਿਆਂ ਨੂੰ ਕਬੱਡੀ ਤੇ ਹੋਰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪ੍ਰੋਗਰਾਮ ਨੂੰ ਅੱਗੇ ਵਧਾਉਣਗੇ। ਰਸਮੀਆਂ ਵਿਚ ਕਰਵਾਏ ਜਾਣ ਵਾਲੇ ਟੂਰਨਾਮੈਂਟ ਦੀਆਂ ਮਿਤੀਆਂ ਦਾ ਜਲਦ ਹੀ ਫੈਸਲਾ ਲਿਆ ਜਾਵੇਗਾ। ਕਿਸੇ ਵੀ ਜਾਣਕਾਰੀ ਲਈ ਪ੍ਰਧਾਨ ਜੀਵਨ ਸ਼ੇਰਗਿੱਲ ਨਾਲ ਫੋਨ ਨੰਬਰ 604-710-3736 ਜਾਂ ਕੁਲਵਿੰਦਰ ਸੰਧੂ ਨਾਲ ਫੋਨ ਨੰਬਰ 604-307-4893 ਉਪਰ ਸੰਪਰਕ ਕੀਤਾ ਜਾ ਸਕਦਾ ਹੈ।










# ਬੀ.ਸੀ. ਵਲੋਂ ਘੱਟ ਆਮਦਨ ਵਾਲੇ ਬਜ਼ੁਰਗਾਂ ਨੂੰ 430 ਡਾਲਰ ਇਕਮੁਸ਼ਤ ਕਿਰਾਇਆ ਰਾਹਤ ਦੇਣ ਦਾ ਐਲਾਨ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਸਰਕਾਰ ਘੱਟ ਆਮਦਨ ਵਾਲੇ ਕਿਰਾਏ 'ਤੇ ਰਹਿਣ ਵਾਲੇ ਬਜ਼ੁਰਗਾਂ ਲਈ ਆਪਣੇ ਸਹਾਇਤਾ ਪ੍ਰੋਗਰਾਮ ਵਿਚ 20000 ਬਜੁਰਗਾਂ ਨੂੰ ਇਕਮੁਸ਼ਤ 430 ਡਾਲਰ ਦਾ ਲਾਭ ਦੇ ਰਹੀ ਹੈ। ਬੀਸੀ ਦੇ ਹਾਊਸਿੰਗ ਮੰਤਰੀ ਰਵੀ ਕਾਹਲੋਂ ਨੇ ਦੱਸਿਆ ਕਿ ਯੋਗ ਬਜੁਰਗਾਂ ਨੂੰ ਪੇਮੈਂਟ ਲਈ ਅਪਲਾਈ ਕਰਨ ਦੀ ਲੋੜ ਨਹੀਂ ਜਿਹੜੀ ਇਸ ਮਹੀਨੇ ਭੇਜ ਦਿੱਤੀ ਜਾਵੇਗੀ। ਕਾਹਲੋਂ ਨੇ ਦੱਸਿਆ ਕਿ ਸ਼ੈਲਟਰ ਏਡ ਐਲਡਰਲੀ ਰੈਂਟਰਜ਼ ਪ੍ਰੋਗਰਾਮ ਜਿਸ ਨੂੰ 'ਸੇਫਰ' ਵਜੋਂ ਜਾਣਿਆਂ ਜਾਂਦਾ ਹੈ ਪਹਿਲੀ 33000 ਡਾਲਰ ਦੀ ਸੀਮਾ ਦੇ ਮੁਕਾਬਲੇ 37240 ਡਾਲਰ ਸਾਲਾਨਾ ਆਮਦਨ ਵਾਲੇ ਬਜਰੁਗਾਂ ਨੂੰ ਲਾਭ ਦੇਣ ਲਈ ਆਪਣੀ ਯੋਗਤਾ ਦਾ ਵਿਸਤਾਰ ਵੀ ਕਰੇਗਾ। ਦੂਸਰੀਆਂ ਤਬਦੀਲੀਆਂ ਵਿਚ ਸੰਭਾਵਤ ਸਾਲਾਨਾ ਸਮੀਖਿਆ ਅਤੇ ਕਿਰਾਏ ਦੀ ਹੱਦ (ਸੀਲਿੰਗ) ਦੀ ਸੋਧ ਸ਼ਾਮਿਲ ਹੈ ਜਿਸ ਨੂੰ ਇਹ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ ਕਿ ਇਕ ਬਜੁਰਗ ਕਿੰਨੀ ਕਿਰਾਇਆ ਸਹਾਇਤਾ ਪ੍ਰਾਪਤ ਕਰਦਾ ਹੈ।

# ਸਤਿਕਾਰ ਕਮੇਟੀ ਕੈਨੇਡਾ ਦੇ ਆਗੂ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਵਿਰੁੱਧ ਲੱਗੇ ਮੋਰਚੇ 'ਚ ਸ਼ਾਮਿਲ ਹੋਏ



ਸਰੀ (ਹਰਦਮ ਮਾਨ)-ਸਤਿਕਾਰ ਕਮੇਟੀ ਐਬਸਫੋਰਡ ਕਨੇਡਾ ਦੇ ਸੀਨੀਅਰ ਮੈਂਬਰ ਬੀਤੇ ਦਿਨੀਂ ਪੰਜਾਬ ਵਿਚ ਭਾਈ ਅੰਮ੍ਰਿਤਪਾਲ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਗ੍ਰਿਫਤਾਰੀ ਵਿਰੁੱਧ ਲੱਗੇ ਮੋਰਚੇ ਵਿੱਚ ਸ਼ਾਮਿਲ ਹੋਏ। ਇਹ ਕਮੇਟੀ ਆਗੂ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਅਤੇ ਸਰਗਰਮ ਸਿੱਖਾਂ ਨੂੰ ਵੀ ਮਿਲੇ ਤੇ ਉਹਨਾਂ ਨਾਲ ਡੂੰਘੀਆਂ ਵਿਚਾਰਾਂ ਕੀਤੀਆਂ। ਇਹ ਜਾਣਕਾਰੀ ਦਿੰਦਿਆਂ ਸਤਿਕਾਰ ਕਮੇਟੀ ਕੈਨੇਡਾ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਸੇਖੋਂ ਨੇ ਦੱਸਿਆ ਹੈ ਕਿ ਕਮੇਟੀ ਆਗੂਆਂ ਦੇ ਪੁੱਛਣ 'ਤੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤੇ ਹੋਰਨਾਂ ਆਗੂਆਂ ਨੇ ਉਨ੍ਹਾਂ ਦੇ ਸੰਘਰਸ਼ ਵਿਚ ਸਾਥ ਦੇ ਰਹੀਆਂ ਸਿੱਖ ਜਥੇਬੰਦੀਆਂ ਅਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਬਾਰੇ ਦੱਸਿਆ ਕਿ ਬਹੁਤ ਘੱਟ ਜਥੇਬੰਦੀਆਂ ਸਾਥ ਦੇ ਰਹੀਆਂ ਹਨ। ਸਿਰਫ ਸਿਮਰਨਜੀਤ ਸਿੰਘ ਮਾਨ ਤੇ ਉਹਨਾਂ ਦੀ ਪਾਰਟੀ ਹੀ ਪੂਰਨ ਸਾਥ ਦੇ ਰਹੀ ਹੈ। ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ, ਭਾਈ ਬਲਦੇਵ ਸਿੰਘ ਵਡਾਲਾ ਅਤੇ ਆਪਣੇ ਆਪ ਨੂੰ ਪੰਥਕ ਕਹਾਉਣ ਵਾਲਾ ਹੋਰ ਕੋਈ ਵੀ ਆਗੂ ਇਹਨਾਂ ਸਿੱਖਾਂ ਦੀ ਰਿਹਾਈ ਮੋਰਚੇ ਵਿੱਚ ਨਹੀਂ ਪਹੁੰਚ ਰਿਹਾ ਸਤਿਕਾਰ ਕਮੇਟੀ ਮੈਂਬਰਾਂ ਵਿਚ ਭਾਈ ਰੇਸ਼ਮ ਸਿੰਘ ਖੁਖਰਾਣਾ, ਸੁਰਿੰਦਰਪਾਲ ਸਿੰਘ ਤਾਜਪੁਰ ਅੰਮ੍ਰਿਤਸਰ, ਸਤਵੰਤ ਸਿੰਘ ਮਾਣਕ, ਹਰਜਿੰਦਰ ਸਿੰਘ ਕੋਟਲਾ, ਚਰਨ ਸਿੰਘ ਚੀਮਾ, ਦਾਰਾ ਸਿੰਘ, ਬਲਵੀਰ ਸਿੰਘ ਕੜਿਆਲ, ਕਿਰਨਜੋਤ ਸਿੰਘ ਕਾਹਨ ਸਿੰਘ ਵਾਲਾ, ਨਿਰਭੈ ਸਿੰਘ ਭਿੰਡਰਕਲਾਂ ਅਤੇ ਮੋਰਚੇ ਦੇ ਸਰਗਰਮ ਆਗੂਆਂ ਨੇ ਸਿੰਘਾਂ ਦੀ ਰਿਹਾਈ ਬਾਰੇ ਵਿਚਾਰਾਂ ਕੀਤੀਆਂ। ਸਤਿਕਾਰ ਕਮੇਟੀ ਦੇ ਆਗੂਆਂ ਵਿੱਚ ਭਾਈ ਹਰਨੇਕ ਸਿੰਘ ਧਰਮਕੋਟ, ਕਰਤਾਰ ਸਿੰਘ ਧਰਮਕੋਟ ਵੀ ਸ਼ਾਮਿਲ ਸਨ। ਇਹਨਾਂ ਆਗੂਆਂ ਨੇ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਅਤੇ ਨਰਿੰਦਰ ਮੋਦੀ ਦੀ ਕੇਂਦਰੀ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਰਿਹਾਈ ਤੱਕ ਉਹ ਮੋਰਚੇ ਦਾ ਸਾਥ ਦੇਣਗੇ।

# ਅਲਬਰਟਾ 'ਚ ਹੋਮ ਬਿਲਡਰ ਬੂਟਾ ਸਿੰਘ ਗਿੱਲ ਦੀ ਗੋਲੀ ਮਾਰ ਕੇ ਹੱਤਿਆ



ਐਡਮਿੰਟਨ-ਦੱਖਣੀ ਪੱਛਮੀ ਐਡਮਿੰਟਨ ਵਿਚ ਇਕ ਉਸਾਰੀ ਵਾਲੀ ਥਾਂ 'ਤੇ ਦਿਨ ਸਮੇਂ ਸ਼ਰੇਆਮ ਹੋਈ ਗੋਲੀਬਾਰੀ ਵਿਚ ਸਥਾਨਕ ਮਸ਼ਹੂਰ ਹੋਮ ਬਿਲਡਰ ਬੂਟਾ ਸਿੰਘ ਗਿੱਲ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖ਼ਮੀ ਹੋ ਗਿਆ। ਪੁਲਿਸ ਮੁਤਾਬਿਕ ਗੋਲੀਬਾਰੀ ਦੁਪਹਿਰ ਸਮੇਂ ਰਿਹਾਇਸ਼ੀ ਇਲਾਕੇ ਵਿਚ ਕੇਵਨਾਗ ਬੁਲੇਵਾਰਡ ਸਾਊਥਵੈਸਟ ਅਤੇ 30ਵੇਂ ਐਵੀਨਿਊ ਸਾਊਥਵੈਸਟ ਦੇ ਨੇੜੇ ਹੋਈ। ਮ੍ਰਿਤਕਾਂ ਵਿਚ ਇਕ ਦੀ ਉਮਰ 49 ਸਾਲ ਤੇ ਦੂਸਰੇ ਦੀ 57 ਸਾਲ ਸੀ। ਗੰਭੀਰ ਰੂਪ ਵਿਚ ਜ਼ਖ਼ਮੀ ਹੋਏ 51 ਸਾਲਾ ਵਿਅਕਤੀ ਹਸਪਤਾਲ ਵਿਚ ਦਾਖਲ ਹੈ। ਐਡਮਿੰਟਨ ਪੁਲਿਸ ਸਰਵਿਸ ਦੇ ਸਾਬਕਾ ਜਾਂਚ ਅਧਿਕਾਰੀ ਮੋ ਬੰਗਾ ਜਿਹੜਾ ਸਾਬਕਾ ਸਿਟੀ ਕੌਂਸਲਰ ਵੀ ਹਨ ਦਾ ਕਹਿਣਾ ਕਿ ਇਹ ਹੈਰਾਨ ਕਰਨ ਵਾਲੀ ਘਟਨਾ ਹੈ। ਉਹ ਐਡਮਿੰਟਨ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੇ ਘਟਨਾ ਵਾਲੀ ਥਾਂ 'ਤੇ ਇਕੱਤਰ ਹੋਏ ਦਰਜਨਾਂ ਲੋਕਾਂ ਵਿਚੋਂ ਇਕ ਸੀ। ਬੰਗਾ ਨੇ ਦੱਸਿਆ ਕਿ ਗੋਲੀਬਾਰੀ ਦਾ ਸ਼ਿਕਾਰ ਇਕ ਵਿਅਕਤੀ ਗਿਲ ਬਿਲਟ ਹੋਮਜ਼ ਲਿਮਟਿਡ ਦਾ ਮਾਲਕ ਬੂਟਾ ਸਿੰਘ ਗਿੱਲ ਸੀ। ਕੰਪਨੀ ਐਡਮਿੰਟਨ ਇਲਾਕੇ ਵਿਚ ਘਰਾਂ ਦੀ ਉਸਾਰੀ ਕਰਦੀ ਹੈ। ਦੋਵਾਂ ਵਿਅਕਤੀਆਂ ਦੇ ਪਰਿਵਾਰ ਇਕ ਦੂਸਰੇ ਨੂੰ ਜਾਣਦੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਦੇ ਵਿਆਹਾਂ ਵਿਚ ਸ਼ਾਮਿਲ ਹੁੰਦੇ ਰਹੇ ਹਨ। ਬੰਗਾ ਨੇ ਦੱਸਿਆ ਕਿ ਗਿੱਲ ਇਕ ਦਿਲਦਾਰ ਵਿਅਕਤੀ ਸੀ ਜਿਹੜਾ ਕਮਿਊਨਿਟੀ ਦੀ ਖੁਲ੍ਹੇ ਦਿਲ ਨਾਲ ਮਦਦ ਕਰਦਾ ਸੀ। ਉਹ ਹਰ ਇਕ ਦੀ ਮਦਦ ਕਰਨ ਲਈ ਤਿਆਰ ਰਹਿੰਦਾ ਸੀ।। ਗਿੱਲ ਸੇਂਟ ਐਲਬਰਟ ਟਰੇਲ 'ਤੇ ਸਥਿਤ ਸਾਡੇ ਗੁਰਦੁਆਰੇ ਦਾ ਪ੍ਰਮੁੱਖ ਮੈਂਬਰ ਸੀ ਅਤੇ ਇਕ ਦਿਨ ਪਹਿਲਾਂ ਉਹ ਗੁਰਦੁਆਰਾ ਸਾਹਿਬ ਵਿਚ ਲੰਗਰ ਛਕਾਉਣ ਦੀ ਸੇਵਾ ਕਰਦਾ ਰਿਹਾ। ਗਿੱਲ ਆਪਣੇ ਪਿੱਛੇ ਪਤਨੀ, ਧੀ ਤੇ ਪੁੱਤਰ ਛੱਡ ਗਿਆ ਹੈ। ਪੁਲਿਸ ਨੇ ਦੱਸਿਆ ਕਿ ਈਪੀਐਸ ਹੋਮੀਸਾਈਡ ਜਾਂਚ ਅਧਿਕਾਰੀ ਇਸ ਜਾਂਚ ਦੀ ਅਗਵਾਈ ਕਰ ਰਹੇ ਹਨ। ਪੁਲਿਸ ਨੇ ਕਿਸੇ ਗ੍ਰਿਫਤਾਰੀ ਦਾ ਜ਼ਿਕਰ ਨਹੀਂ ਕੀਤਾ ਪਰ ਕਿਹਾ ਕਿ ਉਹ ਕਿਸੇ ਸ਼ੱਕੀ ਦੀ ਭਾਲ ਵਿਚ ਵੀ ਨਹੀਂ ਹੈ।

# ਫੈਡਰਲ ਸਰਕਾਰ ਤੇ ਸ਼ਹਿਰਾਂ ਵਿਚਕਾਰ ਫੰਡਾਂ ਦੀ ਲੈਣ ਦੇਣ ਰੋਕਣ ਲਈ ਅਲਬਰਟਾ ਸਰਕਾਰ ਵਲੋਂ ਬਿੱਲ ਪੇਸ਼



ਕੈਲਗਰੀ-ਅਲਬਰਟਾ ਵਿਚ ਸ਼ਾਸਨ ਚਲਾ ਰਹੀ ਯੂਨਾਈਟਡ ਕੰਸਰਵੇਟਿਵ ਪਾਰਟੀ ਨੇ ਲੈਜਿਸਲੇਚਰ ਵਿਚ ਇਕ ਬਿੱਲ ਪੇਸ਼ ਕੀਤਾ ਹੈ ਜਿਸ ਤਹਿਤ ਅਲਬਰਟਾ ਦੇ ਘੇਰੇ ਹੇਠ ਆਉਂਦੀਆਂ ਸੰਸਥਾਵਾਂ ਜਿਨ੍ਹਾਂ ਵਿਚ ਯੂਨੀਵਰਸਿਟੀਆਂ, ਸਕੂਲ ਬੋਰਡ, ਹਾਊਸਿੰਗ ਏਜੰਸੀਆਂ ਅਤੇ ਸਿਹਤ ਅਥਾਰਟੀਆਂ ਸ਼ਾਮਿਲ ਹਨ ਨੂੰ ਓਟਵਾ ਨਾਲ ਸਮਝੌਤੇ ਕਰਨ, ਸੋਧ ਕਰਨ, ਵਧਾਉਣ ਜਾਂ ਨਵਿਆਉਣ ਤੋਂ ਪਹਿਲਾਂ ਸੂਬੇ ਦੀ ਸਹਿਮਤੀ ਲੈਣੀ ਪਵੇਗੀ। ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਕਿ ਪ੍ਰਸਤਾਵਤ ਕਾਨੂੰਨ ਤਹਿਤ ਅਲਬਰਟਾ ਕੋਲ ਮਿਊਂਸਪਲਟੀਆਂ ਤੇ ਫੈਡਰਲ ਸਰਕਾਰ ਵਿਚਕਾਰ ਫੰਡਾਂ ਦੇ ਲੈਣ ਦੇਣ ਨੂੰ ਅਵੈਧ ਐਲਾਨਣ ਦੀ ਤਾਕਤ ਹੋਵੇਗੀ ਅਤੇ ਇਹ ਓਟਵਾ ਨੂੰ ਸੂਬਾ ਤਰਜੀਹਾਂ ਨੂੰ ਵਿਗਾੜਨ ਤੋਂ ਰੋਕਣ ਲਈ ਤਿਆਰ ਕੀਤਾ ਗਿਆ ਹੈ। ਮਿਸ ਸਮਿਥ ਨੇ ਕਿਹਾ ਕਿ ਪ੍ਰਸਤਾਵਤ ਕਾਨੂੰਨ ਤਹਿਤ ਫੈਡਰਲ ਸਰਕਾਰ ਤੇ ਸੂਬਾ ਸੰਸਥਾਵਾਂ ਵਿਚਕਾਰ ਸਮਝੌਤੇ ਜਿਨ੍ਹਾਂ ਨੂੰ ਅਲਬਰਟਾ ਦੀ ਸਹਿਮਤੀ ਨਹੀਂ ਮਿਲੇਗੀ ਗੈਰਕਾਨੂੰਨੀ ਹੋਣਗੇ ਪਰ ਉਨ੍ਹਾਂ ਸਿੱਟਿਆਂ ਦੇ ਵੇਰਵੇ ਨਹੀਂ ਦਿੱਤੇ। ਬਿੱਲ ਪੇਸ਼ ਕਰਨ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਿਸ ਸਮਿਥ ਨੇ ਕਿਹਾ ਕਿ ਪ੍ਰਸਤਾਵ ਅਲਬਰਟਾ ਦੇ ਸੰਵਿਧਾਨਕ ਅਧਿਕਾਰ ਖੇਤਰ ਦਾ ਬਚਾਅ ਕਰਨ ਸਬੰਧੀ ਹੈ ਅਤੇ ਜ਼ੋਰ ਦੇ ਕੇ ਕਿਹਾ ਕਿ ਸੂਬੇ ਦਾ ਕੈਲਗਰੀ ਅਤੇ ਐਡਮਿੰਟਨ ਵਰਗੀਆਂ ਮਿਊਂਸਪਲਟੀਆਂ 'ਤੇ ਅਧਿਕਾਰ ਹੈ। ਮਿਊਂਸਪਲ ਨੇਤਾਵਾਂ ਜਿਨ੍ਹਾਂ ਵਿਚ ਅਲਬਰਟਾ ਦੇ ਵੱਡੇ ਸ਼ਹਿਰਾਂ ਦੇ ਮੇਅਰ ਸ਼ਾਮਿਲ ਹੈ ਨੇ ਯੂਸੀਪੀ ਬਿੱਲ ' ਪ੍ਰੋਵਿੰਸ਼ੀਅਲ ਪ੍ਰਾਇਰਟੀਜ਼ ਐਕਟ' ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਦਲੀਲ ਦਿੱਤੀ ਕਿ ਕਾਨੂੰਨ ਲਾਲ ਫੀਤਾਸ਼ਾਹੀ ਨੂੰ ਸ਼ਾਮਿਲ ਕਰਦਾ ਹੈ ਜਿਸ ਨਾਲ ਪ੍ਰਾਜੈਕਟਾਂ ਵਿਚ ਦੇਰੀ ਹੋ ਸਕਦੀ ਹੈ ਅਤੇ ਅਰਬਾਂ ਡਾਲਰ ਦਾ ਫੈਡਰਲ ਫੰਡ ਖ਼ਤਰੇ ਵਿਚ ਪੈ ਸਕਦਾ ਹੈ। ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਨੇ ਅਲਬਰਟਾ ਦੀ ਤਜਵੀਜ਼ ਦੀ ਬੇਲੋੜੀ ਜਟਲਤਾ ਵਜੋਂ ਆਲੋਚਨਾ ਕੀਤੀ ਜਿਹੜੀ ਆਰਥਿਕ ਵਿਕਾਸ ਨੂੰ ਰੋਕ ਦੇਵੇਗੀ। ਉਨ੍ਹਾਂ ਦੱਸਿਆ ਕਿ ਰਾਜਧਾਨੀ ਸ਼ਹਿਰ ਦੇ ਫੈਡਰਲ ਸਰਕਾਰ ਨਾਲ 20 ਲੱਖ ਡਾਲਰ ਤੋਂ ਲੈ ਕੇ 20 ਕਰੋੜ ਡਾਲਰ ਤਕ ਦੇ 40 ਤੋਂ ਵੀ ਵੱਧ ਸਮਝੌਤੇ ਹਨ ਜਿਨ੍ਹਾਂ ਵਿਚੋਂ ਬਹੁਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਹਨ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਅੰਗਰੇਜ਼ੀ ਮੈਗਜ਼ੀਨ 'ਕੈਨੇਡਾ ਟੈਬਲਾਇਡ' ਦਾ ਵਿਸਾਖੀ ਵਿਸ਼ੇਸ਼ ਅੰਕ ਰਿਲੀਜ਼ ਕਰਨ ਸ਼ਾਨਦਾਰ ਸਮਾਗਮ

## ਸਮਾਜਿਕ, ਰਾਜਨੀਤਿਕ ਅਤੇ ਪੱਤਰਕਾਰੀ ਨਾਲ ਸੰਬੰਧਿਤ ਉੱਘੀਆਂ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ

ਸਰੀ (ਹਰਦਮ ਮਾਨ)-ਸਰੀ ਤੋਂ ਛਪਦੇ ਅੰਗਰੇਜ਼ੀ ਮੈਗਜ਼ੀਨ 'ਕੈਨੇਡਾ ਟੈਬਲਾਇਡ' ਵੱਲੋਂ ਵਿਸਾਖੀ 'ਤੇ ਪ੍ਰਕਾਸ਼ਿਤ ਵਿਸ਼ੇਸ਼ ਅੰਕ ਰਿਲੀਜ਼ ਕਰਨ ਲਈ ਬੀਤੇ ਦਿਨ ਕਲੋਟਨ ਹਾਈਟ ਗੋਲਫ ਕਲੱਬ ਵਿਖੇ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਇਹ ਮੈਗਜ਼ੀਨ ਸਰੀ ਦੀ ਸਮਾਜਿਕ ਖੇਤਰ, ਮੀਡੀਆ, ਰੀਅਲ ਇਸਟੇਟ ਅਤੇ ਇਮੀਗ੍ਰੇਸ਼ਨ ਖੇਤਰ ਦੀ ਨਾਮਵਰ ਸ਼ਖ਼ਸੀਅਤ ਡਾ. ਜਸਵਿੰਦਰ ਦਿਲਾਵਰੀ ਦੀ ਸੰਪਾਦਨਾ ਹੇਠ ਛਪ ਰਿਹਾ ਹੈ। ਇਸ ਸਮਾਗਮ ਵਿੱਚ ਸਮਾਜਿਕ, ਰਾਜਨੀਤਿਕ ਅਤੇ ਪੱਤਰਕਾਰੀ ਨਾਲ ਸੰਬੰਧਿਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ। ਮੈਗਜ਼ੀਨ ਅਤੇ ਇਸ ਦੇ ਸੰਪਾਦਕ ਡਾਕਟਰ ਜਸਵਿੰਦਰ ਦਿਲਾਵਰੀ ਬਾਰੇ ਜਾਣਕਾਰੀ ਦਿੰਦਿਆਂ ਮੰਚ ਸੰਚਾਲਕ ਪ੍ਰੋਫੈਸਰ ਸੀ ਜੇ ਸਿੱਧੂ ਨੇ ਕਿਹਾ ਕਿ ਜਸਵਿੰਦਰ ਦਿਲਾਵਰੀ ਕਮਿਊਨਿਟੀ ਦੇ ਸਿੱਖਿਆ ਅਤੇ ਸਮਾਜਿਕ ਖੇਤਰ ਦੀ ਸਰਗਰਮ ਸ਼ਖ਼ਸੀਅਤ ਹੈ। ਸਮਾਜ ਲਈ ਕੁਝ ਕਰਨ ਦੀ ਉਸ ਵਿੱਚ ਪ੍ਰਤੀਬੱਧਤਾ ਹੈ ਅਤੇ ਇਸੇ ਜਜ਼ਬੇ ਤਹਿਤ ਉਹ ਹਰ ਪਲ ਕਿਸੇ ਨਾ ਕਿਸੇ ਸਮਾਜ ਭਲਾਈ ਦੇ ਕਾਰਜ ਵਿੱਚ ਲੱਗਿਆ ਰਹਿੰਦਾ ਹੈ। ਡਾ. ਜਸਵਿੰਦਰ ਦਿਲਾਵਰੀ ਨੂੰ ਕੈਨੇਡਾ ਟੈਬਲਾਇਡ ਮੈਗਜ਼ੀਨ ਦੇ ਨੌਵੇਂ ਅਤੇ ਵਿਸਾਖੀ ਵਿਸ਼ੇਸ਼ ਅੰਕ ਲਈ ਮੁਬਾਰਕਬਾਦ ਦਿੰਦਿਆਂ ਬੀਸੀ ਯੂਨਾਈਟਡ ਦੇ ਆਗੂ ਕੇਵਨ ਫਾਲਕਨ ਨੇ ਕਿਹਾ ਕਿ ਤੁਹਾਡੇ ਕੈਨੇਡਾ ਟੈਬਲੌਇਡ ਅਪ੍ਰੈਲ 2024 ਮੈਗਜ਼ੀਨ ਦੇ ਉਦਘਾਟਨੀ ਮੌਕੇ ਤੇਵੱਡੀ ਗਿਣਤੀ ਵਿਚ ਪੁੱਜੇ ਪ੍ਰਭਾਵਸ਼ਾਲੀ ਲੋਕਾਂ ਨੂੰ ਦੇਖ ਕੇ ਬੇਹੱਦ ਖੁਸ਼ੀ ਹੋਈ ਹੈ। ਲੋਕਾਂ ਦੀ ਸ਼ਮੂਲੀਅਤ ਤੁਹਾਡੇ ਅਤੇ ਮੈਗਜ਼ੀਨ ਬਾਰੇ ਬਹੁਤ ਕੁਝ ਦੱਸਦੀ ਹੈ ਅਤੇ ਉਮੀਦ ਹੈ ਕਿ ਤੁਹਾਡੀ ਪੱਤਰਕਾਰੀ ਇਸੇ ਤਰ੍ਹਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਰਹੇਗੀ। ਇਸ ਮੈਗਜ਼ੀਨ ਨੂੰ ਰਿਲੀਜ਼ ਕਰਨ ਦੀ ਰਸਮ ਅਦਾ ਕਰਦਿਆਂ ਕੇਵਨ ਫਾਲਕਨ, ਕੌਂਸਲਰ ਮਨਦੀਪ ਨਾਗਰਾ, ਸਰੀ ਮੇਅਰ ਦੇ ਸਲਾਹਕਾਰ ਹੈਰੀ ਕੂਨਰ, ਕੰਜ਼ਰਵੇਟਿਵ ਡੈਲਟਾ ਦੇ ਉਮੀਦਵਾਰ ਜੈਸੀ ਸਹੋਤਾ, ਨਿਹਾਲ ਖਹਿਰਾ, ਇੰਡੀਅਨ ਕੌਂਸਲੇਟ ਵੈਨਕੂਵਰ ਦੇ ਕੌਂਸਲ ਰਾਹੁਲ ਨੇਗੀ, ਸਾਬਕਾ ਐਮਐਲਏ ਸਕੌਟ ਹੈਮਿਲਟਨ, ਮਾਈਕਲ ਹਿਲਮੈਨ, ਰਾਜ ਪੁਰੀ, ਜਤਿੰਦਰ ਸੰਧਰ, ਜੋਗਰਾਜ ਕਾਹਲੋਂ, ਸਮਾਜ ਦੀ ਨਾਮਵਰ ਸ਼ਖਸੀਅਤ ਜਤਿੰਦਰ ਜੇ ਮਿਨਹਾਸ, ਸੁਰਜੀਤ ਸਿੰਘ ਮਾਧੋਪੁਰੀ, ਸ੍ਰੀ ਲਕਸ਼ਮੀ ਨਾਰਾਇਣ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ ਗੋਇਲ, ਸਾਬਕਾ ਕੌਂਸਲਰ ਜੈਕ ਹੁੰਦਲ, ਬੀਸੀ ਯੂਨਾਈਟਡ ਦੇ ਡੈਲਟਾ ਤੋਂ ਉਮੀਦਵਾਰ ਅੰਮ੍ਰਿਤਪਾਲ ਢੋਟ, ਇਮੀਗ੍ਰੇਸ਼ਨ ਸਲਾਹਕਾਰ ਜਗਜੀਤ ਪਾਲ ਸਿੰਘ ਸੰਧੂ, ਨਾਮਵਰ ਰੇਡੀਓ ਹੋਸਟ ਹਰਜਿੰਦਰ ਥਿੰਦ, ਪੱਤਰਕਾਰ ਸੁਖਵਿੰਦਰ ਚੋਹਲਾ, ਜੋਤੀ ਤੂਰ, ਪਰਮਿੰਦਰ ਚੌਹਾਨ, ਕਰਮਜੀਤ ਬਾਠ, ਨਵਦੀਪ ਚਾਹਲ, ਜਸਬੀਰ ਸਿੰਘ ਭਾਟੀਆ ਨੇ ਡਾ. ਜਸਵਿੰਦਰ ਦਿਲਾਵਰੀ ਤੇ ਉਹਨਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਅਤੇ ਡਾ. ਦਿਲਾਵਰੀ ਵੱਲੋਂ ਸਮਾਜਿਕ ਅਤੇ ਪੱਤਰਕਾਰੀ ਖੇਤਰ ਵਿੱਚ ਪਾਏ ਨਿੱਗਰ ਯੋਗਦਾਨ ਦੀ ਸਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉੱਘੀਆਂ ਸ਼ਖਸੀਅਤਾਂ ਵਿੱਚ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਦੀ ਪਤਨੀ ਬਲਵਿੰਦਰ ਰਾਣੀ ਧਾਲੀਵਾਲ, ਟਰਾਂਸਪੋਰਟਰ ਕਿਰਪਾਲ ਮਾਂਗਟ, ਸੁੱਖੀ ਕੰਗ, ਰਜਿੰਦਰ ਸਿੰਘ ਪੰਧੇਰ, ਗੀਤਕਾਰ ਰਾਜ ਕਾਕੜਾ, ਅਮਰ ਢਿੱਲੋਂ, ਹਰਦਮ ਸਿੰਘ ਮਾਨ, ਰਮਨ ਮਾਨ, ਸ਼ਾਮ ਸ਼ਰਮਾ, ਹਰਪ੍ਰੀਤ ਮਨਕਾਟਲਾ, ਇੰਦਰਜੀਤ ਧਾਲੀਵਾਲ, ਲਖਵੀਰ ਸਿੰਘ ਗਰੇਵਾਲ, ਹੈਪੀ ਜੋਸ਼ੀ, ਸਮੀਰ ਕੌਸ਼ਲ, ਜੋਗ ਸਿੱਧੂ, ਸੰਦੀਪ ਧੰਜੂ ਨੇ ਵੀ ਡਾਕਟਰ ਜਸਵਿੰਦਰ ਦਿਲਾਵਰੀ ਨੂੰ ਮੈਗਜ਼ੀਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਪ੍ਰੋਫੈਸਰ ਸੀਜੇ ਸਿੱਧੂ ਨੇ ਮੰਚ ਸੰਚਾਲਨ ਬਹੁਤ ਹੀ ਖੂਬਸੂਰਤ ਢੰਗ ਨਾਲ ਨਿਭਾਇਆ ਅੰਤ ਵਿਚ ਡਾ. ਜਸਵਿੰਦਰ ਦਿਲਾਵਰੀ ਨੇ ਸਮਾਗਮ ਵਿਚ ਹਾਜ਼ਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਮੈਗਜ਼ੀਨ ਮੇਰਾ ਸ਼ੌਕ ਹੈ। ਕਮਾਈ ਦਾ ਸਾਧਨ ਨਹੀਂ। ਇਸ ਮੈਗਜ਼ੀਨ ਰਾਹੀਂ ਉਹਨਾਂ ਲੋਕਾਂ ਨੂੰ ਸਮਾਜ ਦੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਜਾਂਦਾ ਹੈ ਜੋ ਆਪੋ ਆਪਣੇ ਖੇਤਰ ਵਿੱਚ ਬਹੁਤ ਵਧੀਆ ਕਾਰਜ ਕਰ ਰਹੇ ਹਨ ਪਰ ਕਿਸੇ ਨਾ ਕਿਸੇ ਕਾਰਨ ਉਹਨਾਂ ਨੂੰ ਅਣਗੌਲਿਆਂ ਕੀਤਾ ਹੋਇਆ ਹੈ। ਇਸ ਮੈਗਜ਼ੀਨ ਦਾ ਮਕਸਦ ਹੀ ਚੰਗੇਰੀਆਂ ਕਦਰਾਂ ਕੀਮਤਾਂ ਨੂੰ ਉਜਾਗਰ ਕਰਨਾ ਅਤੇ ਕਮਿਊਨਿਟੀ ਤੱਕ ਪਹੁੰਚਾਉਣਾ ਹੈ। ਉਹਨਾਂ ਸਾਰੇ ਸਹਿਯੋਗੀਆਂ ਅਤੇ ਮੈਗਜ਼ੀਨ ਵਿੱਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੀ ਹੱਲਾਸ਼ੇਰੀ ਨਾਲ ਹੀ ਅਸੀਂ ਆਪਣੀ ਕਮਿਊਨਿਟੀ ਤੱਕ ਕੁਝ ਚੰਗਾ ਪਹੁੰਚਾਉਣ ਦੇ ਕਾਬਲ ਹੋਏ ਹਾਂ।














SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ





# ਕੌਮੀ ਕਾਰਬਨ ਕੀਮਤ ਨੂੰ ਲੈ ਕੇ ਐਮਰਜੈਂਸੀ ਮੀਟਿੰਗ ਲਈ ਐਨਡੀਪੀ ਨੇ ਟੋਰੀ ਦੀ ਮੰਗ ਦਾ ਕੀਤਾ ਸਮਰਥਨ

ਓਟਵਾ-ਫੈਡਰਲ ਨਿਊ ਡੈਮੋਕਰੈਟਸ ਨੇ ਕੰਸਰਵੇਟਿਵਾਂ ਦੀ ਇਸ ਮੰਗ ਦਾ ਸਮਰਥਨ ਕੀਤਾ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੈਨੇਡਾ ਦੇ ਪ੍ਰੀਮੀਅਰਾਂ ਨਾਲ ਕਾਰਬਨ ਕੀਮਤਾਂ ਬਾਰੇ ਟੈਲੀਵੀਜ਼ਨ 'ਤੇ ਪ੍ਰਸਾਰਤ ਹੋਣ ਵਾਲੀ ਐਮਰਜੈਂਸੀ ਮੀਟਿੰਗ ਵਿਚ ਹਿੱਸਾ ਲੈਣ। ਐਨਡੀਪੀ ਦੇ ਵਾਤਾਵਰਣ ਆਲੋਚਕ ਲੌਰਲ ਕੌਲਿਨਜ਼ ਨੇ ਕਿਹਾ ਕਿ ਫੈਡਰਲ ਕਾਰਬਨ ਕੀਮਤ ਪ੍ਰੋਣਾਲੀ ਨੀਤੀ ਦਾ ਬਹੁਤ ਮਹੱਤਵਪੂਰਣ ਹਿੱਸਾ ਨਹੀਂ ਅਤੇ ਨਿਊ ਡੈਮੋਕਰੈਟਸ ਪ੍ਰੀਮੀਅਰਾਂ ਵਲੋਂ ਪੇਸ਼ ਕੀਤੀਆਂ ਬਦਲਵੀਆਂ ਯੋਜਨਾਵਾਂ 'ਤੇ ਵਿਚਾਰ ਲਈ ਤਿਆਰ ਹਨ। ਕੌਲਿਨਜ਼ ਨੇ ਲਿਬਰਲ ਸਰਕਾਰ 'ਤੇ ਪ੍ਰੋਣਾਲੀ ਨੂੰ ਇਕ ਰਾਜਨੀਤਕ ਪਾੜੇ ਦੇ ਮੁੱਦੇ ਵਜੋਂ ਵਰਤਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਮੀਟਿੰਗ ਕੈਨੇਡੀਅਨਾਂ ਨੂੰ ਇਕਜੁੱਟ ਕਰਨ ਅਤੇ ਨਵੇਂ ਵਿਚਾਰਾਂ ਨੂੰ ਸਾਹਮਣੇ ਲਿਆਉਣ ਵਿਚ ਮਦਦ ਕਰੇਗੀ। ਪ੍ਰੋਣਾਲੀ ਐਮਰਜੈਂਸੀ ਨਾਲ ਲੜਾਈ, ਰਹਿਣ ਸਹਿਣ ਦੀ ਲਾਗਤ ਦੇ ਸੰਕਟ ਨੂੰ ਹੱਲ ਕਰਨ ਲਈ ਸਾਨੂੰ ਕੈਨੇਡੀਅਨਾਂ ਨੂੰ ਇਕੱਠੇ ਕਰਨ ਦੀ ਲੋੜ ਹੈ ਅਤੇ ਸਾਨੂੰ ਉਸ ਸਰਕਾਰ ਦੀ ਲੋੜ ਹੈ ਜਿਹੜੀ ਉਨ੍ਹਾਂ ਦਾ ਸਮਰਥਨ ਕਰੇਗੀ। ਨਿਊ ਡੈਮੋਕਰੈਟਸ ਨੇ ਕੰਸਰਵੇਟਿਵਾਂ ਦੀ ਇਸ ਮੰਗ ਵਾਲੇ ਨਾਨ-ਬਾਈਡਿੰਗ ਮਤੇ ਦਾ ਸਮਰਥਨ ਕੀਤਾ ਕਿ ਟਰੂਡੋ ਪੰਜ ਹਫ਼ਤਿਆਂ ਦੇ ਅੰਦਰ ਅੰਦਰ ਸੂਬਾ ਤੇ ਟੈਰੀਟੋਰੀਅਲ ਨੇਤਾਵਾਂ ਨਾਲ ਮੀਟਿੰਗ ਕਰੇ। ਬੁੱਧਵਾਰ ਨੂੰ ਮਤਾ ਹਾਊਸ ਆਫ ਕਾਮਨਜ਼ ਵਿਚ ਦੋਵਾਂ ਨਿਊ ਡੈਮੋਕਰੈਟਸ ਅਤੇ ਬਲੌਕ ਕਿਊਬਕੋਇਸ ਦੀ ਮਦਦ ਨਾਲ ਪਾਸ ਹੋ ਗਿਆ। ਲਿਬਰਲ ਐਮਪੀਜ਼ ਨੇ ਇਸ ਦਾ ਵਿਰੋਧ ਕੀਤਾ। ਉਧਰ ਪ੍ਰਧਾਨ ਮੰਤਰੀ ਟਰੂਡੋ ਨੇ ਵਿਵਾਦਪੂਰਣ ਟੈਕਸ ਨੂੰ ਲੈ ਕੇ ਪ੍ਰੀਮੀਅਰਾਂ ਨਾਲ ਮੀਟਿੰਗ ਕਰਨ ਦੇ ਸੱਦੇ ਨੂੰ ਰੱਦ ਕਰ ਦਿੱਤਾ ਹੈ। ਟਰੂਡੋ ਨੇ ਕਿਹਾ ਕਿ ਉਸ ਦਾ ਮੰਨਣਾ ਕਿ ਪ੍ਰੀਮੀਅਰ ਗ੍ਰੀਨਹਾਊਸ ਗੈਸ ਨਿਕਾਸ ਨੂੰ ਘਟਾਉਣ ਲਈ ਕੋਈ ਬਦਲ ਪੇਸ਼ ਕਰਨ ਦੀ ਬਜਾਏ ਉਨ੍ਹਾਂ ਦੇ ਫੈਡਰਲ ਕਾਰਬਨ ਕੀਮਤ ਪ੍ਰੋਗਰਾਮ ਬਾਰੇ ਸ਼ਿਕਾਇਤ ਕਰਨਗੇ ਅਤੇ ਰਾਜਨੀਤਕ ਲਾਹਾ ਲੈਣਗੇ।

## ਭਾਜਪਾ ਨੇ ਦਿੱਲੀ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਾਜ਼ਿਸ਼ ਰਚੀ-ਆਤਿਸ਼ੀ

ਨਵੀਂ ਦਿੱਲੀ-ਦਿੱਲੀ ਦੀ ਕੈਬਨਿਟ ਮੰਤਰੀ ਆਤਿਸ਼ੀ ਨੇ ਅੱਜ ਦੋਸ਼ ਲਾਇਆ ਕਿ ਕੇਂਦਰ 'ਚ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਕੌਮੀ ਰਾਜਧਾਨੀ ਵਿੱਚ ਰਾਸ਼ਟਰਪਤੀ ਸ਼ਾਸਨ ਲਾਉਣ ਦੀ ਵੱਡੀ ਸਿਆਸੀ ਸਾਜ਼ਿਸ਼ ਰਚ ਰਹੀ ਹੈ। ਆਤਿਸ਼ੀ ਨੇ ਪ੍ਰੈੱਸ ਕਾਨਫਰੰਸ 'ਚ ਦਾਅਵਾ ਕੀਤਾ ਕਿ ਪਿਛਲੇ ਕੁਝ ਮਹੀਨਿਆਂ 'ਚ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ ਜੋ ਇਸ ਖਦਸ਼ੇ ਵੱਲ ਇਸ਼ਾਰਾ ਕਰਦੀਆਂ ਹਨ। ਉਨ੍ਹਾਂ ਕਿਹਾ, 'ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਉਨ੍ਹਾਂ ਦੀ ਸਰਕਾਰ ਨੂੰ ਡੇਗਣ ਦੀ ਸਿਆਸੀ ਸਾਜ਼ਿਸ਼ ਹੈ। ਸਾਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਆਉਣ ਵਾਲੇ ਦਿਨਾਂ 'ਚ ਦਿੱਲੀ 'ਚ ਰਾਸ਼ਟਰਪਤੀ ਸ਼ਾਸਨ ਲਗਾਇਆ ਜਾਵੇਗਾ ਪਰ ਦਿੱਲੀ ਵਿੱਚ ਰਾਸ਼ਟਰਪਤੀ ਸ਼ਾਸਨ ਲਗਾਉਣਾ ਗੈਰ-ਕਾਨੂੰਨੀ ਅਤੇ ਆਦੇਸ਼ ਦੇ ਵਿਰੁੱਧ ਹੋਵੇਗਾ।'

# ਭਾਰਤ-ਪਾਕਿ ਦੀ ਨਹੀਂ, ਪੰਜਾਬ ਦੀ ਵੰਡ ਹੋਈ ਸੀ-ਇਸ਼ਤਿਆਕ ਅਹਿਮਦ

ਲੁਧਿਆਣਾ-ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਪੰਜਾਬੀ ਭਵਨ ਵਿੱਚ 'ਲੁਧਿਆਣਾ ਤੋਂ ਲਾਹੌਰ ਦੇਸ਼ ਵੰਡ ਦੇ ਆਰ-ਪਾਰ' ਵਿਸ਼ੇ 'ਤੇ ਵਿਚਾਰ ਚਰਚਾ ਕਰਵਾਈ ਗਈ। ਚਰਚਾ ਵਿੱਚ ਸਟਾਕਹੋਮ ਯੂਨੀਵਰਸਿਟੀ ਸਵੀਡਨ ਦੇ ਪ੍ਰੋਫੈਸਰ ਜਨਾਬ ਇਸ਼ਤਿਆਕ ਅਹਿਮਦ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਦੱਸਿਆ ਕਿ 1947 ਦੀ ਵੰਡ ਸਮੇਂ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਹੋਇਆ। ਇਹ ਭਾਰਤ-ਪਾਕਿ ਦੀ ਵੰਡ ਨਹੀਂ ਸਗੋਂ ਪੰਜਾਬ ਦੀ ਵੰਡ ਸੀ। ਜੇ ਉਸ ਸਮੇਂ ਮੁਹੰਮਦ ਅਲੀ ਜਿਨਾਹ ਹੋਰਨਾਂ ਆਗੂਆਂ ਦੀ ਸਲਾਹ ਮੰਨ ਲੈਂਦੇ ਤਾਂ ਇਸ ਵੰਡ ਅਤੇ ਨੁਕਸਾਨ ਨੂੰ ਟਾਲਿਆ ਜਾ ਸਕਦਾ ਸੀ। ਸਭ ਤੋਂ ਪਹਿਲਾਂ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪ੍ਰੋ. ਇਸ਼ਤਿਆਕ ਅਹਿਮਦ ਦਾ ਸਵਾਗਤ ਕੀਤਾ। ਪੰਜਾਬੀ ਯੂਨੀਵਰਸਿਟੀ ਤੋਂ ਡਾ. ਸੁਰਜੀਤ ਨੇ ਪ੍ਰੋ. ਅਹਿਮਦ ਨਾਲ ਜਾਣ-ਪਛਾਣ ਕਰਵਾਈ। ਮੁੱਖ ਬੁਲਾਰੇ ਪ੍ਰੋ. ਇਸ਼ਤਿਆਕ ਅਹਿਮਦ ਨੇ ਕਿਹਾ ਕਿ ਜੇ ਮੁਹੰਮਦ ਅਲੀ ਜਿਨਾਹ ਮੁਸਲਮਾਨ ਆਬਾਦੀ ਵਾਲੇ ਇਲਾਕੇ ਪਾਕਿਸਤਾਨ ਵਿੱਚ ਸ਼ਾਮਿਲ ਕਰਨ ਦੀ ਜ਼ਿਦ ਛੱਡ ਦਿੰਦੇ ਤਾਂ ਵੰਡ ਸਮੇਂ ਹੋਏ ਕਤਲੇਆਮ ਨੂੰ ਰੋਕਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਕਈ ਮੁਸਲਮਾਨ ਪਰਿਵਾਰ ਜੋ ਵੰਡ ਵੇਲੇ ਪਾਕਿਸਤਾਨ ਚਲੇ ਗਏ ਸਨ,



ਸਾਲ ਮਗਰੋਂ ਉਹ ਭਾਰਤ ਵਿੱਚ ਵਾਪਸ ਆ ਗਏ। ਇਨ੍ਹਾਂ 'ਚ ਸਾਹਿਰ ਲੁਧਿਆਣਵੀ, ਬੀਆਰ ਚੋਪੜਾ ਆਦਿ ਦੇ ਪਰਿਵਾਰ ਗਿਣੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸਾਹਿਰ ਲੁਧਿਆਣਵੀ ਦੀਆਂ ਨਜ਼ਮਾਂ ਪਾਕਿਸਤਾਨ ਰਹਿੰਦਿਆਂ ਰੇਡੀਓ 'ਤੇ ਸੁਣੀਆਂ ਸਨ। ਉਨ੍ਹਾਂ ਆਪਣੇ ਪੁੱਤ ਦਾ ਨਾਂ ਵੀ ਸਾਹਿਰ ਦੇ ਨਾਂ 'ਤੇ ਰੱਖਿਆ ਹੈ। ਉਹ ਸਾਹਿਰ ਬਾਰੇ ਜਾਣਨ ਅਤੇ ਲਿਖਣ ਲਈ ਦੋ ਵਾਰ ਲੁਧਿਆਣਾ ਅਤੇ ਕਰੀਬ ਪੰਜ ਵਾਰ ਪੰਜਾਬ ਆ ਚੁੱਕਿਆ ਹੈ। ਵੰਡ ਦਾ ਸੰਤਾਪ ਸਿਰਫ਼ ਉਸ ਸਮੇਂ ਦੇ ਲੋਕਾਂ ਨੇ ਹੀ ਨਹੀਂ ਹੰਢਾਇਆ ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਵੀ ਇਹ ਸੰਤਾਪ ਭੋਗਦੀਆਂ ਰਹਿਣਗੀਆਂ। ਇਸ ਮੌਕੇ ਸਵਾਲ-ਜਵਾਬ ਵੀ ਹੋਏ। ਸਮਾਗਮ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਡਾ. ਅਮਰਜੀਤ ਸਿੰਘ ਹੇਅਰ, ਇਸ਼ਤਿਆਕ ਅਹਿਮਦ ਦੀ ਪਤਨੀ ਅਤੇ ਡਾ. ਸੁਰਜੀਤ ਸ਼ਾਮਿਲ ਸਨ। ਸਮਾਗਮ ਵਿੱਚ ਡਾ. ਹਰੀ ਸਿੰਘ ਜਾਚਕ, ਜਸਵੀਰ ਝੱਜ, ਜਨਮੇਜਾ ਸਿੰਘ ਜੌਹਲ, ਸੁਰਿੰਦਰ ਕੈਲੇ, ਡਾ. ਗੁਰਚਰਨ ਕੌਰ ਕੋਚਰ, ਕਰਮਜੀਤ ਗਰੇਵਾਲ, ਆਰਕੇ ਗੋਇਲ, ਡਾ. ਗੁਰਇਕਬਾਲ ਸਿੰਘ, ਸਹਿਜਪ੍ਰੀਤ ਮਾਂਗਟ, ਸਤੀਸ਼ ਗੁਲਾਟੀ, ਮਨਦੀਪ ਕੌਰ ਭੰਮਰਾ, ਸੁਰਿੰਦਰ ਦੀਪ, ਬਲਕੌਰ ਸਿੰਘ, ਦੀਪ ਲੁਧਿਆਣਵੀ, ਮਲਕੀਤ ਸਿੰਘ ਔਲਖ, ਰਵੀ ਰਵਿੰਦਰ, ਮੀਤ ਅਨਮੋਲ, ਸਰਬਜੀਤ ਸਿੰਘ ਵਿਰਦੀ, ਗੁਰਪ੍ਰੀਤ ਕੌਰ ਹਾਜ਼ਰ ਸਨ।

# ਭਗਵੰਤ ਮਾਨ ਨੇ ਲੰਗਾਹ ਦੇ ਪੁੱਤ ਦੇ ਮਾਮਲੇ 'ਚ ਮਜੀਠੀਆ 'ਤੇ ਤਨਜ਼ ਕੱਸਿਆ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਪੁੱਤ ਦੇ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਜਾਣ 'ਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਤਨਜ਼ ਕਸਿਆ ਹੈ। ਉਨ੍ਹਾਂ ਮਜੀਠੀਆ ਨੂੰ ਸਬੰਧਤ ਮਾਮਲੇ 'ਤੇ ਸਫ਼ਾਈ ਦੇਣ ਦੀ ਅਪੀਲ ਕੀਤੀ ਹੈ। ਸ੍ਰੀ ਮਾਨ ਨੇ 'ਐਕਸ' ਉੱਤੇ ਕਿਹਾ ਕਿ 'ਮਜੀਠੀਆ ਨੇ ਸੁੱਚਾ ਸਿੰਘ ਲੰਗਾਹ ਦੇ ਪੁੱਤ ਬਾਰੇ ਪ੍ਰੈੱਸ ਕਾਨਫਰੰਸ ਕਿਉਂ ਨਹੀਂ ਕੀਤੀ। ਉਸ ਦੇ ਵੀ ਮਾਮਾ ਜੀ ਬਣੋ।' 'ਆਪ' ਆਗੂਆਂ ਨੇ ਕਿਹਾ ਕਿ ਮਜੀਠੀਆ ਵੱਲੋਂ ਹਰ ਸਮੇਂ 'ਤੇ ਪ੍ਰੈੱਸ ਕਾਨਫਰੰਸ ਕੀਤੀ ਜਾਂਦੀ ਹੈ, ਪਰ ਲੰਗਾਹ ਦੇ ਪੁੱਤ ਦੇ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਜਾਣ 'ਤੇ ਕੋਈ ਪ੍ਰੈੱਸ ਕਾਨਫਰੰਸ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਇਸ ਮਾਮਲੇ 'ਤੇ ਵੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਪਿਛਲੇ ਸਮੇਂ ਦੌਰਾਨ ਪ੍ਰੈੱਸ ਕਾਨਫਰੰਸ ਕਰਕੇ ਭਗਵੰਤ ਮਾਨ ਦੀ ਪਹਿਲੀ ਪਤਨੀ ਦੀ ਧੀ ਸੀਰਤ ਦਾ ਮਾਮਾ ਬਣਨ ਦੀ ਪੇਸ਼ਕਸ਼ ਕੀਤੀ ਗਈ ਸੀ। ਉਸੇ ਦੇ ਚਲਦਿਆਂ ਮੁੱਖ ਮੰਤਰੀ ਨੇ ਮਜੀਠੀਆ ਨੂੰ ਲੰਗਾਹ ਵਾਲੇ ਮਾਮਲੇ 'ਤੇ ਵੀ ਪ੍ਰੈੱਸ ਕਾਨਫਰੰਸ ਕਰਕੇ ਸਥਿਤੀ ਸਪੱਸ਼ਟ ਕਰਨ ਬਾਰੇ ਕਿਹਾ ਹੈ। ਦੂਜੇ ਪਾਸੇ, ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਤੁਸੀਂ ਸੀਰਤ ਦੀ ਤੁਲਨਾ ਕਿਸ ਨਾਲ ਕਰ ਰਹੇ ਹੋ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੀ ਧੀ ਨੂੰ ਪਛਾਨਣ ਤੋਂ ਮਨ੍ਹਾਂ ਕਰਕੇ ਭਾਣਜੀ ਕਹਿ ਦਿੱਤਾ ਸੀ। ਇਸੇ ਕਰਕੇ ਮੈਂ ਸੀਰਤ ਦਾ ਮਾਮਾ ਬਣ ਗਿਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਆਪਣੇ ਬਾਪ ਦੇ ਫਰਜ਼ ਤੋਂ ਭੱਜੇ ਹਨ, ਜੇ ਸੀਰਤ ਤੇ ਦਿਲਸ਼ਾਨ ਮੈਨੂੰ ਇਜਾਜ਼ਤ ਦੇਣ ਤਾਂ ਮੈਂ ਮਾਮਾ ਬਣਨ ਲਈ ਤਿਆਰ ਹਾਂ।










# ਕੈਨੇਡੀਅਨ ਰਾਜਨੀਤੀ ਵਿਚ ਵਿਦੇਸ਼ੀ ਦਖਲ ਬਾਰੇ ਜਾਂਚ...

## ਸਾਬਕਾ ਕੰਸਰਵੇਟਿਵ ਆਗੂ ਦਾ ਗੰਭੀਰ ਖੁਲਾਸਾ ਤੇ ਹੋਰ ਸਵਾਲ

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲ ਅੰਦਾਜੀ ਦਾ ਮੁੱਦਾ ਬਹੁਤ ਹੀ ਗੰਭੀਰ ਹੈ। ਪਿਛਲੇ ਕੁਝ ਸਮੇਂ ਤੋਂ ਇਸ ਮੁੱਦੇ ਨੂੰ ਲੈਕੇ ਵਿਰੋਧੀ ਧਿਰਾਂ ਕਾਫੀ ਸਰਗਰਮ ਰਹੀਆਂ ਅਤੇ ਸਦਨ ਵਿਚ ਇਸ ਮੁੱਦੇ ਨੂੰ ਲੈਕੇ ਭਾਰੀ ਸ਼ੋਰ ਸ਼ਰਾਬਾ ਪੈਂਦਾ ਰਿਹਾ। ਕੈਨੇਡੀਅਨ ਸੰਸਦ ਵਿਚ ਮੁੱਖ ਵਿਰੋਧੀ ਕੰਸਰਵੇਟਿਵ ਦੇ ਨਾਲ ਬਲਾਕ ਕਿਊਬੈਕ ਅਤੇ ਸਰਕਾਰ ਵਿਚ ਭਾਈਵਾਲ ਐਨ ਡੀ ਪੀ ਵਲੋਂ ਵੀ ਇਸ ਮੁੱਦੇ ਦੀ ਜਨਤਕ ਜਾਂਚ ਦੀ ਮੰਗ ਉਪਰੰਤ ਸਰਕਾਰ ਵਲੋਂ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜੀ ਦੀ ਜਾਂਚ ਕਰ ਰਹੇ ਜਸਟਿਸ ਮੈਰੀ ਜੋਸ ਹੋਗ ਦੀ ਅਗਵਾਈ ਵਾਲੇ ਕਮਿਸ਼ਨ ਵਲੋਂ ਪਿਛਲੇ ਹਫਤੇ ਤੋਂ ਸਿਆਸੀ ਆਗੂਆਂ ਅਤੇ ਜਨਤਕ ਸੰਸਥਾਵਾਂ ਦੇ ਪ੍ਰਤੀਨਿਧਾਂ ਦੀਆਂ ਗਵਾਹੀਆਂ ਲਈਆਂ ਜਾ ਰਹੀਆਂ ਹਨ। ਕਮਿਸ਼ਨ ਸਾਹਮਣੇ ਹੁਣ ਤੱਕ ਡਾਇਸਪੋਰਾ ਪ੍ਰਤੀਨਿਧਾਂ, ਸਿਆਸੀ ਆਗੂਆਂ ਤੇ ਪ੍ਰਭਾਵਿਤ ਆਗੂਆਂ ਵਲੋਂ ਗਵਾਹੀਆਂ ਦਿੱਤੀਆਂ ਗਈਆਂ ਹਨ। ਇਹ ਗਵਾਹੀਆਂ ਦਾ ਸਿਲਸਲਾ 10 ਅਪ੍ਰੈਲ ਤੱਕ ਚੱਲਣ ਦੀ ਉਮੀਦ ਹੈ ਤੇ ਅਗਲੇ ਹਫਤੇ ਪ੍ਰਧਾਨ ਮੰਤਰੀ, ਜਨਤਕ ਸੁਰੱਖਿਆ ਮੰਤਰੀ ਤੇ ਹੋਰ ਅਹਿਮ ਹਸਤੀਆਂ ਦੇ ਵੀ ਕਮਿਸ਼ਨ ਅੱਗੇ ਪੇਸ਼ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਕਮਿਸ਼ਨ ਵਲੋਂ 3 ਮਈ ਨੂੰ ਆਪਣੀ ਸ਼ੁਰੂਆਤੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਇਸ ਉਪਰੰਤ ਕਮਿਸ਼ਨ ਤੇ ਸਿੱਟੇ ਤੇ ਸਿਫਾਰਸ਼ਾਂ ਸਾਲ ਦੇ ਅੰਤ ਤੱਕ ਸਾਹਮਣੇ ਆ ਸਕਦੇ ਹਨ।

ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲ ਅੰਦਾਜੀ ਦੇ ਮੁੱਦੇ ਉਪਰ ਵਿਦੇਸ਼ੀ ਮੁਲਕ ਚੀਨ, ਰੂਸ, ਭਾਰਤ ਤੇ ਈਰਾਨ ਦੀ ਖੁਫੀਆ ਭੂਮਿਕਾ ਨੂੰ ਲੈਕੇ ਕਾਫੀ ਹੋ ਹੱਲਾ ਹੈ। ਪਰ ਇਹਨਾਂ ਸਭ ਮੁਲਕਾਂ ਤੋਂ ਸਭ ਤੋਂ ਵਧੇਰੇ ਸਿਆਸੀ ਦਖਲ ਅੰਦਾਜੀ ਚੀਨ ਦੀ ਭੂਮਿਕਾ ਬਾਰੇ ਹੈ। ਪਿਛਲੇ ਸਮੇਂ ਦੌਰਾਨ ਚੀਨੀ ਮੂਲ ਦੇ ਕੰਸਰਵੇਟਿਵ ਐਮ ਪੀ ਮਾਈਕਲ ਚਾਂਗ, ਲਿਬਰਲ ਕਾਕਸ ਛੱਡ ਚੁੱਕੇ ਐਮ ਪੀ ਹੈਨ ਡੌਂਗ ਤੇ ਐਨ ਡੀ ਪੀ ਦੀ ਐਮ ਪੀ ਜੈਨੀ ਕੁਵਾਨ ਵਲੋਂ ਚੀਨੀ ਦਖਲਅੰਦਾਜੀ ਦੇ ਦੋਸ਼ ਲਗਾਉਣ ਤੇ ਉਹਨਾਂ ਸਮੇਤ ਉਹਨਾਂ ਦੇ ਪਰਿਵਾਰਾਂ ਨੂੰ ਡਰਾਉਣ ਧਮਕਾਉਣ ਵਰਗੇ ਇਲਜਾਮ ਸਾਹਮਣੇ ਆਉਣ ਉਪਰੰਤ ਇਹਨਾਂ ਆਗੂਆਂ ਵਲੋਂ ਹੁਣ ਕਮਿਸ਼ਨ ਸਾਹਮਣੇ ਵੀ ਆਪਣੀ ਗਵਾਹੀਆਂ ਦਰਜ ਕਰਵਾਈਆਂ ਗਈਆਂ ਹਨ। ਪਰ ਇਸ ਦੌਰਾਨ ਸਾਬਕਾ ਕੰਸਰਵੇਟਿਵ ਆਗੂ ਐਰਿਨ ਉਟੂਲ ਨੇ ਆਪਣੀ ਗਵਾਹੀ ਦੌਰਾਨ ਜੋ ਖੁਲਾਸਾ ਕੀਤਾ ਹੈ, ਉਹ ਬਹੁਤ ਹੀ ਗੰਭੀਰ ਤੇ ਚੌਂਕਾ ਦੇਣ ਵਾਲਾ ਹੈ। ਐਰਿਨ ਉਟੂਲ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਪਿਛਲੀਆਂ 2021 ਦੀਆਂ ਚੋਣਾਂ ਦੌਰਾਨ ਜਦੋਂ ਕੰਸਰਵੇਟਿਵ ਦੀ ਚੋਣ ਮੁਹਿਮ ਪੂਰੇ ਸਿਖਰ ਤਾਂ ਸੀ ਉਹਨਾਂ ਖਿਲਾਫ ਅਜਿਹਾ ਪ੍ਰਚਾਰ ਕੀਤਾ ਗਿਆ ਕਿ ਜਿਵੇਂ ਕੰਸਰਵੇਟਿਵ, ਚੀਨ ਵਿਰੋਧੀ ਹੈ ਤੇ ਉਹ ਚੀਨ ਨਾਲ ਚੰਗੇਰੇ ਸਬੰਧਾਂ ਦੇ ਹਾਮੀ ਨਹੀ ਹਨ। ਇਸ ਕੂੜ ਪ੍ਰਚਾਰ ਲਈ ਚੀਨੀ ਐਪ ਵੀਚੈਟ ਅਤੇ ਟਿਕਟੌਕ ਦਾ ਖੁਲਕੇ ਇਸਤੇਮਾਲ ਕੀਤਾ ਗਿਆ। ਇਸ ਗਲਤ ਪ੍ਰਚਾਰ ਰਾਹੀ ਕੰਸਰਵੇਟਿਵ ਪਾਰਟੀ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ 2021 ਦੀਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਦੇ 9




ਉਮੀਦਵਾਰਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਹਨਾਂ ਕਿਹਾ ਕਿ ਸਰਵੇ ਰਿਪੋਰਟਾਂ ਮੁਤਾਬਿਕ ਅਤੇ ਉਹਨਾਂ ਦੀ ਪਾਰਟੀ ਦੀ ਚੋਣ ਮੁਹਿਮ ਨੂੰ ਹੁੰਗਾਰੇ ਤੋਂ ਇਹ ਸਪੱਸ਼ਟ ਸੀ ਕੰਸਰਵੇਟਿਵ ਘੱਟੋ ਘੱਟ 127 ਸੀਟਾਂ ਜਿਤੇਗੀ ਪਰ ਪਾਰਟੀ ਕੇਵਲ 119 ਸੀਟਾਂ ਤੱਕ ਸਿਮਟ ਗਈ। ਕਮਿਸ਼ਨ ਸਾਹਮਣੇ ਦਿੱਤੇ ਬਿਆਨ ਵਿਚ ਓਟੂਲ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਨੂੰ ਭਰੋਸਾ ਨਹੀਂ ਸੀ ਕਿ ਚੀਨ ਦੀ ਦਖਲਅੰਦਾਜ਼ੀ ਵੋਟਾਂ ਦੇ ਨਤੀਜੇ ਬਦਲ ਦੇਵੇਗੀ। ਇਸ ਦਖਲਅੰਦਾਜੀ ਕਾਰਣ ਲਿਬਰਲ ਘੱਟਗਿਣਤੀ ਸਰਕਾਰ ਹੋਂਦ ਵਿਚ ਆਈ। ਇਸ ਦਖਲਅੰਦਾਜ਼ੀ ਨਾਲ ਕੁਝ ਹਲਕਿਆਂ ਵਿਚ ਵੋਟਰ ਪ੍ਰਭਾਵਤ ਹੋਏ। ਚੋਣ ਕਮਿਸ਼ਨ ਅਤੇ ਕੈਨੇਡੀਅਨ ਏਜੰਸੀਆਂ ਨੂੰ ਇਸ ਬਾਰੇ ਜਾਣਕਾਰੀ ਸੀ ਪਰ ਉਹਨਾਂ ਨੇ ਕਦੇ ਵੀ ਜਨਤਾ ਜਾਂ ਸਿਆਸੀ ਪਾਰਟੀਆਂ ਨੂੰ ਇਸ ਬਾਰੇ ਚੌਕਸ ਨਹੀ ਕੀਤਾ। ਕੈਨੇਡੀਅਨ ਸਕਿਉਰਟੀ ਐਂਡ ਇੰਟੈਲੀਜੈਂਸ ਥਰੇਟਸ ਇਲੈਕਸ਼ਨ ਟਾਸਕ ਫੋਰਸ ਜਿਸ ਨੂੰ 'ਸਾਈਟ' ਕਰਕੇ ਜਾਣਿਆਂ ਜਾਂਦਾ ਹੈ, ਵਲੋਂ ਆਪਣੇ ਦਸਤਾਵੇਜਾਂ ਵਿਚ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਕਿ ਚੀਨੀ ਭਾਸ਼ਾ ਵਾਲੀ ਸੋਸ਼ਲ ਮੀਡੀਆ ਐਪ ਵੀਚੈਟ ਇਹ ਬਿਰਤਾਂਤ ਸਾਂਝਾ ਕਰ ਰਹੀ ਸੀ ਕਿ ਓਟੂਲ ਤਾਂ ਚੀਨ ਨਾਲੋਂ ਕੂਟਨੀਤਕ ਸਬੰਧ ਤੋੜਨਾ ਚਾਹੁੰਦੇ ਹਨ ਅਤੇ ਕੁਝ ਮੀਡੀਆ ਟਿਪਣੀਆਂ ਵਿਚ ਕਿਹਾ ਗਿਆ



ਕਿ ਚੀਨੀ ਲੋਕ ਕੈਨੇਡੀਅਨ ਕੰਸਰਵੇਟਿਵ ਪਲੇਟਫਾਰਮ ਤੋਂ ਡਰੇ ਹੋਏ ਹਨ। ਕਮਿਸ਼ਨ ਸਾਹਮਣੇ ਚੀਨੀ ਮੂਲ ਦੇ ਐਮ ਪੀ ਹੈਨ ਡੌਂਗ ਵਲੋਂ ਆਪਣੀ ਨੌਮੀਨੇਸ਼ਨ ਚੋਣ ਸਮੇਂ ਚੀਨੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਲੈਣ ਅਤੇ ਕੈਨੇਡਾ ਵਿਚ ਚੀਨੀ ਕੌਂਸਲ ਜਨਰਲ ਨੂੰ ਦੋ ਕੈਨੇਡੀਅਨ ਡਿਪਲੋਮੈਟਾਂ ਦੀ ਚੀਨ ਦੀ ਜੇਲ ਚੋ ਰਿਹਾਈ ਦੇ ਸਬੰਧ ਵਿਚ ਦੋਵਾਂ ਮੁਲਕਾਂ ਦੇ ਸਬੰਧਾਂ ਉਪਰ ਅਸਰਅੰਦਾਜ਼ ਹੋਣ ਦੀਆਂ ਸਲਾਹਾਂ ਦੇਣ, ਕੰਸਰਵੇਟਿਵ ਐਮ ਪੀ ਮਾਈਕਲ ਚਾਂਗ ਵਲੋ ਉਈਗਰ ਕਮਿਊਨਿਟੀ ਦਾ ਮੁੱਦਾ ਉਠਾਉਣ ਕਾਰਣ ਚੀਨ ਸਰਕਾਰ ਤੋਂ ਧਮਕੀਆਂ ਮਿਲਣ, ਵੈਨਕੂਵਰ ਤੋਂ ਐਨ ਡੀ ਪੀ ਦੀ ਐਮ ਪੀ ਜੈਨੀ ਕੁਆਨ ਵਲੋਂ ਹਾਂਗਕਾਂਗ ਵਿਚ ਜਮਹੂਰੀ ਜਥੇਬੰਦੀਆਂ ਦੀ ਹਮਾਇਤ ਕਾਰਣ ਖਤਰੇ ਦੀ ਚੇਤਾਵਨੀ ਆਦਿ ਵਿਦੇਸ਼ੀ ਦਖਲ ਅੰਦਾਜੀ ਦੇ ਗੰਭੀਰ ਮੁੱਦੇ ਹਨ ਪਰ ਇਹਨਾਂ ਸਭ ਤੋਂ ਉਪਰ ਸਾਬਕਾ ਕੰਸਰਵੇਟਿਵ ਆਗੂ ਵਲੋਂ ਚੀਨੀ ਦਖਲਅੰਦਾਜੀ ਕਾਰਣ 9 ਸੀਟਾਂ ਹਾਰ ਜਾਣ ਦਾ ਖੁਲਾਸਾ ਇਹ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਕੀ ਕਿਸੇ ਵਿਦੇਸ਼ੀ ਸਰਕਾਰ ਦਾ ਖੁਫੀਆ ਤੰਤਰ ਕੈਨੇਡਾ ਵਰਗੇ ਜਮਹੂਰੀ ਮੁਲਕ ਦੀ ਰਾਜਸੱਤਾ ਤਬਦੀਲੀ ਵਿਚ ਵੀ ਕੋਈ ਛੜਯੰਤਰ ਰਚ ਸਕਦਾ ਹੈ?

ਇਸੇ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਾਬਕਾ ਕੰਸਰਵੇਟਿਵ ਆਗੂ ਵਲੋਂ ਕਮਿਸ਼ਨ ਸਾਹਮਣੇ ਦਿੱਤੀ ਗਵਾਹੀ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਕਿਸੇ ਪਾਰਟੀ ਦੇ ਹਾਰਨ ਜਾਂ ਜਿੱਤਣ ਦੇ ਹੋਰ ਵੀ ਕਈ ਕਾਰਣ ਹੋ ਸਕਦੇ ਹਨ। ਉਹਨਾਂ ਹੋਰ ਕਿਹਾ ਕਿ ਕੈਨੇਡੀਅਨ ਏਜੰਸੀਆਂ ਅਤੇ ਚੋਣ ਕਮਿਸ਼ਨ ਦੇ ਅਧਿਕਾਰੀ ਸੰਸਦ ਸਾਹਮਣੇ ਪਹਿਲਾਂ ਹੀ ਇਹ ਸਪੱਸ਼ਟ ਕਰ ਚੁੱਕੇ ਹਨ ਕਿ ਸਾਲ 2019 ਅਤੇ 2021 ਦੀਆਂ ਚੋਣਾਂ ਪੂਰੀ ਤਰਾਂ ਨਿਰਪੱਖ ਤੇ ਆਜਾਦ ਸਨ।

ਕੈਨੇਡੀਅਨ ਰਾਜਨੀਤੀ ਵਿਚ ਵਿਦੇਸ਼ੀ ਦਖਲਅੰਦਾਜੀ ਬਾਰੇ ਜਾਂਚ ਵਿਚ ਕਮਿਸ਼ਨ ਸਾਹਮਣੇ ਕੇਵਲ ਚੋਣਾਂ ਨੂੰ ਆਧਾਰ ਬਣਾਉਣਾ ਹੀ ਸ਼ਾਇਦ ਕਾਫੀ ਨਹੀ ਹੈ। ਇਸਤੋਂ ਕੌਣ ਇਨਕਾਰੀ ਹੋ ਸਕਦਾ ਹੈ ਕਿ ਕੈਨੇਡਾ ਦੀ ਧਰਤੀ ਉਪਰ ਰਾਜਨੀਤੀ ਵਿਚ ਭਾਗ ਲੈਣ ਵਾਲੇ ਪਰਵਾਸੀ ਮੂਲ ਦੇ ਹਰ ਆਗੂ ਅਤੇ ਉਹਨਾਂ ਨਾਲ ਜੁੜੇ ਸਮਰਥਕ ਆਪੋ ਆਪਣੇ ਢੰਗ ਤਰੀਕੇ ਨਾਲ ਆਪਣੇ ਸਰੋਤਾਂ ਦਾ ਇਸਤੇਮਾਲ ਕਰਦੇ ਹਨ। ਜੇ ਚੀਨੀ ਮੂਲ ਦੇ ਕੈਨੇਡੀਅਨ ਆਗੂ ਚੀਨੀ ਮੂਲ ਦੇ ਵਿਦਿਆਰਥੀਆਂ ਜਾਂ ਲੋਕਾਂ ਨੂੰ ਆਪਣੀ ਨੌਮੀਨੇਸ਼ਨ ਜਾਂ ਹੋਰ ਸਿਆਸੀ ਫਾਇਦੇ ਲਈ ਵਰਤਦੇ ਹਨ ਤਾਂ ਉਸ ਮਾਮਲੇ ਵਿਚ ਭਾਰਤੀ, ਰੂਸੀ, ਯੂਕਰੇਨੀ, ਫਿਲਪੀਨੀ ਜਾਂ ਹੋਰ ਕੋਈ ਵੀ ਡਾਇਸਪੋਰਾ ਗਰੁੱਪ ਕਿਸੇ ਤੋਂ ਭਿੰਨ ਨਹੀਂ। ਪਿਛਲੇ ਸਮੇਂ ਦੌਰਾਨ ਭਾਰਤ ਅਤੇ ਪੰਜਾਬ ਵਿਚ ਇਕ ਸਿਆਸੀ ਪਾਰਟੀ ਦੀ ਮਦਦ ਲਈ ਜਦੋਂ ਪਰਵਾਸੀ ਪੰਜਾਬੀਆਂ ਦੇ ਜਹਾਜ ਭਰ ਭਰਕੇ ਪੁੱਜੇ ਸਨ, ਤਾਂ ਉਸਨੂੰ ਕੀ ਕਿਹਾ ਜਾਵੇਗਾ ? ਜਦੋਂ ਇਕ ਖਾਲਿਸਤਾਨੀ ਆਗੂ ਵਲੋਂ ਭਾਰਤ ਦੀ ਇਕ ਸਿਆਸੀ ਪਾਰਟੀ ਤੇ ਆਗੂ ਉਪਰ ਸਾਲ 2014 ਤੋਂ 2022 ਤੱਕ 16 ਮਿਲੀਅਨ ਅਮਰੀਕੀ ਡਾਲਰ ( ਲਗਪਗ 134 ਕਰੋੜ ਰੁਪਏ) ਦਾ ਫੰਡ ਬਟੋਰਨ ਦੇ ਦੋਸ਼ ਲਗਾਏ ਜਾਂਦੇ ਹਨ, ਤਾਂ ਵਿਦੇਸ਼ੀ ਦਖਲਅੰਦਾਜੀ ਦੇ ਅਰਥ ਕੀ ਹੋਣਗੇ ?

ਕੈਨੇਡਾ ਵਿਚ ਕਿਉਂਕਿ ਪਰਵਾਸੀਆਂ ਦੀ ਵੱਡੀ ਗਿਣਤੀ ਆਬਾਦ ਹੈ। ਉਹਨਾਂ ਦੇ ਆਪਣੇ ਪਿੱਤਰੀ ਮੁਲਕਾਂ ਨਾਲ ਗੂੜੇ ਸਮਾਜਿਕ ਤੇ ਜ਼ਮੀਨੀ ਰਿਸ਼ਤੇ ਹਨ। ਕੈਨੇਡੀਅਨ ਚੋਣ ਪ੍ਰਕਿਰਿਆ ਜਾਂ ਸੰਬੰਧਿਤ ਮੁਲਕਾਂ ਦੀ ਚੋਣ ਰਾਜਨੀਤੀ ਵਿਚ ਆਮ ਲੋਕਾਂ ਦਾ ਦਖਲ ਜਾਂ ਦਿਲਚਸਪੀ ਰਾਜਨੀਤੀ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕਰਦਾ ਹੈ, ਇਹ ਚਰਚਾ ਦਾ ਵਿਸ਼ਾ ਹੈ। ਪਰ ਇਸ ਦੌਰਾਨ ਕੈਨੇਡੀਅਨ ਧਰਤੀ ਉਪਰ ਕਿਸੇ ਕੈਨੇਡੀਅਨ ਨਾਗਰਿਕ ਨੂੰ ਵਿਦੇਸ਼ੀ ਦਖਲਅੰਦਾਜੀ ਤਹਿਤ ਜਾਨ, ਮਾਲ ਜਾਂ ਪਰਿਵਾਰਕ ਸੁਰੱਖਿਆ ਲਈ ਖਤਰਾ ਪੈਦਾ ਹੋਣਾ ਅਸਲ ਚਿੰਤਾ ਦਾ ਵਿਸ਼ਾ ਹੈ। ਕੈਨੇਡੀਅਨ ਚੋਣਾਂ ਵਿਚ ਵਿਦੇਸ਼ੀ ਦਖਲਅੰਦਾਜੀ ਦੀ ਜਾਂਚ ਦੇ ਨਾਲ ਕਮਿਸ਼ਨ ਨੂੰ ਕੈਨੇਡੀਅਨ ਨਾਗਰਿਕਾਂ ਦੀ ਸੁਰੱਖਿਆ ਉਪਰ ਆਏ ਹਰਫ ਨੂੰ ਵੀ ਜਾਂਚ ਦੇ ਇਕ ਅਹਿਮ ਪਹਿਲੂ ਵਜੋਂ ਲੈਣ ਦੀ ਲੋੜ ਹੈ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.


REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

## ਸਰੀ ਸਿਟੀ ਵਲੋਂ ਐਸਪੀਐਸ ਟਰਾਂਜ਼ੀਸ਼ਨ ਲਈ ਸੂਬੇ ਦੀ ਅੰਤਿਮ ਪੇਸ਼ਕਸ਼ ਰੱਦ

ਵਿਕਟੋਰੀਆ-ਬੀਸੀ ਦੇ ਜਨਤਕ ਸੁਰੱਖਿਆ ਬਾਰੇ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਕਿਹਾ ਕਿ ਸਰੀ ਸਿਟੀ ਨੇ ਸੂਬੇ ਦੀ ਅੰਤਿਮ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਹੈ ਜਿਹੜੀ ਸਿਟੀ ਪੁਲਿਸ ਟਰਾਂਜ਼ੀਸ਼ਨ ਵਿਚ ਸਹਾਇਤਾ ਲਈ ਪੇਸ਼ ਕੀਤੀ ਗਈ ਹੈ। ਫਾਰਨਵਰਥ ਨੇ ਇਕ ਬਿਆਨ ਵਿਚ ਦੱਸਿਆ ਕਿ ਅਸੀਂ ਟਰਾਂਜ਼ੀਸ਼ਨ ਨਾਲ ਸਬੰਧਤ ਟੈਕਸ ਵਾਧਿਆ ਨੂੰ ਰੋਕਣ ਲਈ ਹੱਲ ਪੇਸ਼ ਕੀਤਾ ਸੀ ਅਤੇ ਸ਼ਹਿਰ ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਹੁਣ ਕਿਉਂਕਿ ਸਿਟੀ ਨੇ ਸਰੀ ਦੇ ਲੋਕਾਂ ਲਈ ਵਿੱਤੀ ਸਹਾਇਤਾ ਨੂੰ ਰੱਦ ਕਰ ਦਿੱਤਾ ਹੈ ਤਾਂ ਸੂਬਾ ਟਰਾਂਜ਼ੀਸ਼ਨ ਦੇ ਮੁਕੰਮਲ ਹੋਣ ਤਕ 150 ਮਿਲੀਅਨ ਡਾਲਰ ਦੀ ਟਰਾਂਜ਼ੀਸ਼ਨ ਸਹਾਇਤਾ ਲਈ ਸਿੱਧੀ ਵਰਤੋਂ ਕਰੇਗਾ। ਮੇਅਰ ਅਤੇ ਕੌਂਸਲ ਦੀ ਨਾਕਾਮੀ ਦੇ ਸਿੱਟੇ ਵਜੋਂ ਵਾਧੂ ਖ਼ਰਚਾ ਸਰੀ ਦੇ ਲੋਕਾਂ 'ਤੇ ਪਾ ਦਿੱਤਾ ਜਾਵੇਗਾ। ਫਾਰਨਵਰਥ ਨੇ ਦੱਸਿਆ ਕਿ ਸਰੀ ਦੀ ਮੇਅਰ ਬਰੈਂਡਾ ਲੋਕ ਨੇ ਪਿਛਲੇ ਹਫਤੇ ਉਨ੍ਹਾਂ ਨੂੰ ਪੱਤਰ ਲਿਖ ਕੇ ਸਲਾਹ ਦਿੱਤੀ ਕਿ ਕੌਂਸਲ ਵਿੱਤੀ ਵਚਨਬੱਧਤਾ ਲਈ ਸਿਧਾਂਤਕ ਤੌਰ 'ਤੇ ਸਹਿਮਤ ਹੈ। ਇਹ ਗੱਲ ਸਪਸ਼ਟ ਹੈ ਕਿ ਮੇਅਰ ਅਤੇ ਕੌਂਸਲ ਨੇ ਆਖਰਕਾਰ ਦੇਰੀ ਤੇ ਅਨਿਸ਼ਚਤਤਾ ਦੀ ਚੋਣ ਕੀਤੀ ਹੈ। ਸ਼ਹਿਰ ਨੇ ਸਮਝੌਤੇ ਨੂੰ ਰੱਦ ਕਰ ਦਿੱਤਾ ਹੈ ਜਿਸ ਵਿਚ 10 ਸਾਲ ਲਈ ਵਿੱਤੀ ਵਚਨਵੱਧਤਾ ਸ਼ਾਮਿਲ ਸੀ। ਮੰਤਰੀ ਨੇ ਕਿਹਾ ਕਿ ਸਰੀ ਕੌਂਸਲ ਨੇ ਸੂਬੇ ਦੀ ਪੇਸ਼ਕਸ਼ ਨਾਲ ਸਹਿਮਤ ਨਾ ਹੋ ਕੇ ਸ਼ਹਿਰ ਵਾਸੀਆਂ ਨੂੰ ਅਸਫਲ ਕਰ ਦਿੱਤੀ ਹੈ। ਉਧਰ ਸਰੀ ਸਿਟੀ ਨੇ ਲੋਕ ਦੇ ਹਵਾਲੇ ਨਾਲ ਇਕ ਬਿਆਨ ਵਿਚ ਕਿਹਾ ਕਿ ਉਹ ਫਾਰਨਵਰਥ ਦੇ ਬਿਆਨ ਨਾਲ ਸਹਿਮਤ ਨਹੀਂ ਹੈ। ਬਿਆਨ ਵਿਚ ਕਿਹਾ ਕਿ ਸ਼ਹਿਰ ਦਾ ਇਹ ਪੱਖ ਹੈ ਕਿ ਸੂਬੇ ਨੇ ਇਸ ਗੱਲ ਦੀ ਕੋਈ ਪੱਕੀ ਵਿੱਤੀ ਵਚਨਬੱਧਤਾ ਨਹੀਂ ਦਿੱਤੀ ਕਿ ਉਹ ਪੁਲਿਸ ਫੋਰਸ ਜਿਸ ਲਈ ਉਨ੍ਹਾਂ ਭਾਵ ਸ਼ਹਿਰ ਵਾਸੀਆਂ ਨੇ ਵੋਟ ਨਹੀਂ ਦਿੱਤਾ ਦੀ ਟਰਾਂਜ਼ੀਸ਼ਨ ਲਈ ਸਰੀ ਕਰਦਾਤਾਵਾਂ ਦਾ ਪੂਰਾ ਖਰਚਾ ਚੁੱਕੇਗਾ।

# ਬੈਂਕ ਆਫ ਕੈਨੇਡਾ ਨੇ ਵਿਆਜ ਦਰਾਂ ਸਥਿਰ ਰੱਖੀਆਂ ਪਰ ਜੂਨ ਵਿਚ ਕਟੌਤੀ ਕਰਨ 'ਤੇ ਵਿਚਾਰ

ਓਟਵਾ-ਸੈਂਟਰਲ ਬੈਂਕ ਨੇ ਵਿਆਦ ਦਰਾਂ 5 ਫ਼ੀਸਦੀ 'ਤੇ ਸਥਿਰ ਰੱਖੀਆਂ ਹਨ ਅਤੇ ਕਿਹਾ ਕਿ ਉਸ ਨੇ ਵਿਆਜ ਦਰਾਂ ਘਟਾਉਣ ਲਈ ਸਥਿਤੀਆਂ ਦੇਖਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬੈਂਕ ਆਫ ਕੈਨੇਡਾ ਨੇ ਕਿਹਾ ਕਿ ਉਹ ਜੂਨ ਮਹੀਨੇ ਵਿਆਜ ਦਰਾਂ ਵਿਚ ਕਟੌਤੀ ਲਈ ਦਰਵਾਜੇ ਖੁਲ੍ਹੇ ਰੱਖ ਰਹੀ ਹੈ ਪਰ ਇਸ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਮਹਿੰਗਾਈ ਫਿਰ ਵਧਦੀ ਹੈ ਤਾਂ ਵਿਆਜ ਦਰਾਂ ਘਟਾਉਣ ਵਿਚ ਜਲਦਬਾਜ਼ੀ ਨਹੀਂ ਕੀਤੀ ਜਾਵੇਗੀ। 5 ਜੂਨ ਦੇ ਐਲਾਨ ਵਿਚ ਵਿਆਜ ਦਰ ਵਿਚ ਕਟੌਤੀ ਦੀ ਸੰਭਾਵਨਾ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿਚ ਬੈਂਕ ਦੇ ਗਵਰਨਰ ਟਿਫ ਮੈਕਲਮ ਨੇ ਕਿਹਾ ਕਿ ਇਹ ਗੱਲ ਸੰਭਾਵਨਾ ਦੇ ਦਾਇਰੇ ਵਿਚ ਹੈ। ਬੈਂਕ ਆਫ ਕੈਨੇਡਾ ਨੇ ਲਗਾਤਾਰ ਛੇਵੀਂ ਵਾਰ ਆਪਣੀ ਮੁੱਖ ਵਿਆਜ ਦਰ ਨੂੰ ਪੰਜ ਫ਼ੀਸਦੀ 'ਤੇ ਰੱਖਿਆ ਹੈ ਅਤੇ ਕਿਹਾ ਕਿ ਉਸ ਨੇ ਵਿਆਜ ਦਰਾਂ ਘਟਾਉਣ ਲਈ ਜ਼ਰੂਰੀ ਆਰਥਿਕ ਸਥਿਤੀਆਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ ਹੈ। ਮੈਕਲਮ ਨੇ ਦੱਸਿਆ ਕਿ ਜਨਵਰੀ ਤੋਂ ਆਰਥਿਕ ਅੰਕੜਿਆਂ ਨੇ ਸੈਂਟਰਲ ਬੈਂਕ ਦਾ ਵਿਸ਼ਵਾਸ਼ ਵਧਾਇਆ ਹੈ ਕਿ ਆਰਥਿਕ ਵਿਕਾਸ ਵਧਣ ਦੇ ਬਾਵਜੂਦ ਮਹਿੰਗਾਈ ਘੱਟ ਰਹੇਗੀ ਪਰ ਸੈਂਟਰਲ ਬੈਂਕ ਦਰਾਂ ਵਿਚ ਕਟੌਤੀ ਕਰਨੀ ਸ਼ੁਰੂ ਕਰਨ ਤੋਂ ਪਹਿਲਾਂ ਹੋਰ ਨਿਸ਼ਚਤਤਾ ਚਾਹੁੰਦਾ ਹੈ। ਮੈਕਲਮ ਨੇ ਕਿਹਾ ਕਿ ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਬਹੁਤੇ ਕੈਨੇਡੀਅਨ ਇਹ ਜਾਨਣਾ ਚਾਹੁੰਦੇ ਹਨ ਕਿ ਕਦੋਂ ਅਸੀਂ ਆਪਣੇ ਨੀਤੀ ਵਿਆਜ ਦਰਾਂ ਘੱਟ ਕਰਾਂਗੇ।




ਸਾਨੂੰ ਇਹ ਯਕੀਨ ਹੋਣ ਦੀ ਲੋੜ ਹੈ ਕਿ ਹੁਣ ਕਟੌਤੀ ਕਰਨ ਦ ਸਮਾਂ ਹੈ। ਇਸ ਦਾ ਸੰਖੇਪ ਜਵਾਬ ਇਹ ਹੈ ਕਿ ਅਸੀਂ ਉਹ ਚੀਜ਼ ਦੇਖ ਰਹੇ ਜਿਸ ਦੀ ਸਾਨੂੰ ਦੇਖਣ ਦੀ ਲੋੜ ਹੈ। ਸਾਨੂੰ ਇਹ ਭਰੋਸਾ ਰੱਖਣ ਲਈ ਲੰਬੇ ਸਮੇਂ ਤਕ ਇਹ ਦੇਖਣ ਦੀ ਜ਼ਰੂਰਤ ਹੈ ਕਿ ਕੀਮਤ ਸਥਿਰਤਾ ਵੱਲ ਕਾਇਮ ਰਹੇਗੀ। ਬੈਂਕ ਆਫ ਕੈਨੇਡਾ ਦੇ ਤਾਜ਼ਾ ਐਲਾਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਾਵੇਂ ਸੈਂਟਰਲ ਬੈਂਕ ਮਹਿੰਗਾਈ ਦੇ ਮੋਰਚੇ 'ਤੇ ਹੁਣ ਤਕ ਕੀਤੀ ਪ੍ਰਗਤੀ ਤੋਂ ਉਤਸ਼ਾਹਿਤ ਹੈ ਪਰ ਇਸ ਦੀਆਂ ਆਪਣੇ ਮੁਦਰਾ ਨੀਤੀ ਫ਼ੈਸਲਿਆਂ ਲਈ ਸਾਵਧਾਨੀ ਨਾਲ ਪਹੁੰਚ ਅਪਨਾਉਣ ਦੀਆਂ ਯੋਜਨਾਵਾਂ ਹਨ। ਬੁੱਧਵਾਰ ਦੀ ਖ਼ਬਰ 'ਤੇ ਪ੍ਰਤੀਕਿਰਿਆ ਦਿੰਦਿਆਂ ਅਰਥਸ਼ਾਸਤਰੀ ਸੈਂਟਰਲ ਬੈਂਕ ਵਲੋਂ ਆਪਣੀ ਨੀਤੀ ਦਰਾਂ ਸਾਲ ਦੇ ਅੱਧ ਵਿਚ ਘਟਾਉਣ ਦੀ ਆਸ ਕਰ ਰਹੇ ਹਨ ਪਰ ਉਹ ਇਹ ਗੱਲ ਮੰਨਦੇ ਹਨ ਕਿ ਬੈਂਕ ਵਲੋਂ ਇਹ ਫ਼ੈਸਲਾ ਲੈਣ ਲਈ ਅਗਲੇ ਦੋ ਮਹੀਨੇ ਮਹਿੰਗਾਈ ਦੀ ਦਰ ਹੇਠਾਂ ਰਹਿਣੀ ਚਾਹੀਦੀ ਹੈ। ਸੀਡੀ ਹੋਵ ਇੰਸਟੀਚਿਊਟੀ ਵਿਖੇ ਮੁਦਰਾ ਨੀਤੀ ਬਾਰੇ ਮਾਹਿਰ ਜੇਰਮੀ ਕ੍ਰੋਨਿਕ ਆਖਦੇ ਹਨ ਕਿ ਉੱਚੀਆਂ ਵਿਆਜ ਦਰਾਂ ਨਾਲ ਆਰਥਿਕਤਾ ਹੌਲੀ ਹੋਈ ਹੈ ਅਤੇ ਮਹਿੰਗਾਈ ਅਰਥਪੂਰਨ ਤਰੀਕੇ ਨਾਲ ਘਟੀ ਹੈ। ਕੈਨੇਡੀਅਨ ਆਰਥਿਕਤਾ ਵਿਚ ਮੰਦੀ ਨੌਕਰੀਆਂ ਬਾਰੇ ਤਾਜ਼ਾ ਰਿਪੋਰਟ ਨਾਲ ਹੋਰ ਸਪਸ਼ਟ ਹੋ ਗਈ ਜਿਸ ਤੋਂ ਪਤਾ ਲਗਦਾ ਹੈ ਕਿ ਬੇਰੁਜ਼ਗਾਰੀ ਦਰ ਵਧ ਕੇ 6.1 ਫ਼ੀਸਦੀ ਹੋ ਗਈ ਹੈ। ਕਾਰੋਬਾਰਾਂ ਦੇ ਦੀਵਾਲੀਆ ਹੋਣ ਦੇ ਮਾਮਲੇ ਵੀ ਵਧੇ ਹਨ ਅਤੇ ਪ੍ਰਤੀ ਵਿਅਕਤੀ ਅਸਲ ਜੀਡੀਪੀ ਲਗਾਤਾਰ ਗਿਰਾਵਟ ਵੱਲ ਜਾ ਰਹੀ ਹੈ। ਇਸੇ ਦੌਰਾਨ ਫਰਵਰੀ ਵਿਚ ਕੈਨੇਡਾ ਦੀ ਮਹਿੰਗਾਈ ਦਰ 2.8 ਫ਼ਸਦੀ ਰਹੀ ਹੈ ਅਤੇ ਕੀਮਤਾਂ ਨੂੰ ਘਟਾਉਣ ਲਈ ਉਪਾਵਾਂ ਦਾ ਦਬਾਅ ਘੱਟ ਗਿਆ ਹੈ।

# ਮੇਅਰ ਤੇ ਕੌਂਸਲ ਵਲੋਂ ਆਰਸੀਐਮਪੀ ਨੂੰ ਛੱਡਣ ਤੋਂ ਇਨਕਾਰ ਕਰਨ ਪਿੱਛੋਂ ਬੀਸੀ ਸੂਬਾ ਐਸਪੀਐਸ ਨੂੰ ਲੈਕੇ ਇਕੱਲੀ ਅੱਗੇ ਵਧਣ ਲੱਗਾ

ਸਰੀ-ਮੇਅਰ ਅਤੇ ਕੌਂਸਲ ਵਲੋਂ ਆਰਸੀਐਮਪੀ ਨਾਲੋਂ ਤੋੜ ਵਿਛੋੜਾ ਕਰਨ ਤੋਂ ਇਨਕਾਰ ਕਰਨ ਪਿੱਛੋਂ ਬ੍ਰਿਟਿਸ਼ ਕੋਲੰਬੀਆ ਸਰੀ ਵਿਚ ਸੁਤੰਤਰ ਪੁਲਿਸ ਸਰਵਿਸ ਲਈ ਟਰਾਂਜ਼ੀਸ਼ਨ ਨਾਲ ਅੱਗੇ ਵੱਧ ਰਿਹਾ ਹੈ। ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਕਿਹਾ ਕਿ ਸੁਤੰਤਰ ਸਰੀ ਪੁਲਿਸ ਸਰਵਿਸ ਵਿਚ ਲਗਾਤਾਰ ਤਬਦੀਲੀ ਲਈ ਇਕ ਯੋਜਨਾ ਬਣਾਈ ਗਈ ਹੈ ਅਤੇ ਉਹ ਅਗਲੇ ਹਫ਼ਤੇ ਹੋਰ ਵੇਰਵੇ ਜਾਰੀ ਕਰਨਗੇ ਕਿ ਇਹ ਕਿਵੇਂ ਕੰਮ ਕਰੇਗੀ। ਉਪਰੋਕਤ ਸਥਿਤੀ ਸਾਹਮਣੇ ਆਉਣ ਤੋਂ ਪਹਿਲਾਂ ਸੂਬੇ ਵਲੋਂ ਸੁਤੰਤਰ ਪੁਲਿਸ ਸਰਵਿਸ ਲਈ ਖਰਚ ਵਾਸਤੇ 150 ਮਿਲੀਅਨ ਡਾਲਰ ਦੀ ਪੇਸ਼ਕਸ਼ ਤੋਂ ਇਲਾਵਾ ਸਰੀ ਨੂੰ 100 ਮਿਲੀਅਨ ਡਾਲਰ ਹੋਰ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਮੇਅਰ ਤੇ ਕੌਂਸਲ ਨੇ ਸੂਬਾ ਸਰਕਾਰ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ। ਸਰੀ ਸਿਟੀ ਕੌਂਸਲ ਨੇ ਮੰਗਲਵਾਰ ਜਾਰੀ ਆਪਣੇ ਬਜਟ ਵਿਚ ਕਿਹਾ ਕਿ ਉਸ ਨੂੰ ਜੇਕਰ ਆਰਸੀਐਮਪੀ ਤੋਂ ਪਰ੍ਹੇ ਜਾਣ ਲਈ ਮਜ਼ਬੂਰ ਕੀਤਾ ਗਿਆ ਤਾਂ ਅਗਲੇ ਦਹਾਕੇ ਵਿਚ ਅੱਧਾ ਬਿਲੀਅਨ ਡਾਲਰ ਖਰਚ ਵੱਧ ਜਾਵੇਗਾ। ਮੇਅਰ ਬਰੈਂਡਾ ਲੋਕ ਜਿਹੜੀ ਟਰਾਂਜ਼ੀਸ਼ਨ ਨੂੰ ਪੁੱਠਾ ਗੇੜ ਦੇਣ ਤੇ ਆਰਸੀਐਮਪੀ ਨੂੰ ਵਾਪਸ ਲਿਆਉਣ ਦੇ ਵਾਅਦੇ ਨਾਲ ਚੁਣੀ ਗਈ ਸੀ ਨੇ ਇਕ ਬਿਆਨ ਵਿਚ ਕਿਹਾ ਕਿ ਵਿਵਾਦ ਸ਼ਹਿਰ ਦੀ ਆਪਣਾ ਪੁਲਿਸ ਮਾਡਲ ਚੋਣ ਕਰਨ ਦੀ ਸਮਰੱਥਾ ਸਬੰਧੀ ਹੈ ਅਤੇ ਵੋਟਰਾਂ ਨੇ ਆਰਸੀਐਮਪੀ ਦੀ ਆਪਣੀ ਮਿਊਂਸਪਲ ਪੁਲਿਸ ਫੋਰਸ ਵਜੋਂ ਚੋਣ ਕੀਤੀ ਹੈ।



ਫਾਰਨਵਰਥ ਨੇ ਕਿਹਾ ਕਿ ਉਹ ਸ਼ਹਿਰ ਦੇ ਪੱਖ ਤੋਂ ਨਿਰਾਸ਼ ਹੋਏ ਹਨ ਕਿਉਂਕਿ ਸਰੀ ਦੇ ਲੋਕ ਇਸ ਨੂੰ ਖਤਮ ਕਰਨਾ ਚਾਹੁੰਦੇ ਹਨ ਅਤੇ ਸਰਕਾਰ ਨੇ ਨੇਕ ਨੀਅਤ ਨਾਲ ਵਾਜਬ ਪੇਸ਼ਕਸ਼ ਲਈ ਗੱਲਬਾਤ ਸ਼ੁਰੂ ਕੀਤੀ ਜਿਸ ਨੂੰ ਰੱਦ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਨਿਆਂਇਕ ਸਮੀਖਿਆ ਦਾ ਖਿਆਲ ਨਾ ਕਰਦਿਆਂ ਟਰਾਂਜ਼ੀਸ਼ਨ ਜਾਰੀ ਰਹੇਗੀ ਅਤੇ ਅਸੀਂ ਸਰੀ ਪੁਲਿਸ ਸਰਵਿਸ ਨੂੰ ਸੁਰੱਖਿਅਤ ਟਰਾਂਜ਼ੀਸ਼ਨ ਨੂੰ ਯਕੀਨੀ ਬਣਾਉਣ ਲਈ 150 ਮਿਲੀਅਨ ਡਾਲਰ ਸਿੱਧੇ ਦੇਣ ਦਾ ਇਰਾਦਾ ਰੱਖਦੇ ਹਾਂ। ਇਹ ਮੰਦਭਾਗੀ ਗੱਲ ਹੈ ਕਿ ਸਰੀ ਦੇ ਲੋਕਾਂ ਦੀਆਂ ਲੋੜਾਂ ਸ਼ਹਿਰ ਨੂੰ ਤਰਜੀਹ ਨਹੀਂ ਲੱਗੀਆਂ। ਸਰੀ ਬੀਸੀ ਦੀ ਸੁਪਰੀਮ ਕੋਰਟ ਵਿਚ ਸੂਬਾ ਸਰਕਾਰ ਦੇ ਹੁਕਮ ਨੂੰ ਇਹ ਕਹਿੰਦੇ ਹੋਏ ਚੁਣੌਤੀ ਦੇ ਰਿਹਾ ਹੈ ਕਿ ਪੁਲਿਸ ਐਕਟ ਵਿਚ ਸਰਕਾਰ ਵਲੋਂ ਤਬਦੀਲੀ ਕਰਨਾ ਗੈਰਸੰਵਿਧਾਨਕ ਹੈ ਕਿਉਂਕਿ ਇਹ ਵੋਟਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਪਾਬੰਦੀ ਲਗਾਉਂਦਾ ਹੈ। ਸਰੀ ਕੌਂਸਲਰ ਲਿੰਡਾ ਐਨਿਸ ਨੇ ਇਕ ਬਿਆਨ ਵਿਚ ਕਿਹਾ ਕਿ ਲੋਕ ਦਾ ਸਰਕਾਰ ਦੀ 250 ਮਿਲੀਅਨ ਡਾਲਰ ਦੀ ਫੰਡਿੰਗ ਨੂੰ ਰੱਦ ਕਰਨਾ ਸਰੀ ਕਰਦਾਤਾਵਾਂ ਦੇ ਮੂੰਹ 'ਤੇ ਗੰਭੀਰ ਚਪੇੜ ਹੈ ਅਤੇ ਇਹ ਚੇਤੇ ਕਰਵਾਉਂਦਾ ਹੈ ਕਿ ਟਰਾਂਜ਼ੀਸ਼ਨ ਸਿਟੀ ਪੁਲਿਸ ਪ੍ਰਬੰਧ ਦੇ ਬਜਾਏ ਰਾਜਸੀ ਹਉਮੈਂ ਦਾ ਸਵਾਲ ਬਣ ਗਈ ਹੈ। ਫਾਰਨਵਰਥ ਨੇ ਕਿਹਾ ਕਿ ਹੁਣ ਵਾਧੂ 100 ਮਿਲੀਅਨ ਨਹੀਂ ਦਿੱਤੇ ਜਾਣਗੇ ਪਰ 150 ਮਿਲੀਅਨ ਡਾਲਰ ਟਰਾਂਜ਼ੀਸ਼ਨ ਜਾਰੀ ਰੱਖਣ 'ਤੇ ਖਰਚੇ ਜਾਣਗੇ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

## ਅੱਜ ਜਨਮ ਦਿਨ ’ਤੇ ਵਿਸ਼ੇਸ਼

# ਡਾ. ਬੀ.ਆਰ. ਅੰਬੇਦਕਰ

**ਬਲਵਿੰਦਰ ਬਾਲਮ**

ਡਾ. ਭੀਮ ਰਾਓ ਅੰਬੇਦਕਰ ਨੂੰ ਮਾਨਵਤਾ ਦਾ ਮਸੀਹਾ ਕਿਹਾ ਜਾਣਾ ਉਚਿਤ ਹੈ। ਉਹਨਾਂ ਦਾ ਸੰਪੂਰਨ ਜੀਵਨ ਸੰਘਰਸ਼ ਦੀ ਇਕ ਲੰਬੀ ਕਹਾਣੀ ਹੈ। ਸੰਘਰਸ਼ ਆਪਣੇ ਲਈ ਨਹੀਂ ਬਲਕਿ ਸਮਾਜ ਦੇ ਹੇਠਲੇ ਵਰਗ ਦੇ ਲੋਕਾਂ ਦੇ ਲਈ ਜੋ ਕਈ ਸਾਲਾਂ ਤੱਕ ਸਮਾਜ ਦੀਆਂ ਖੋਖਲੀਆਂ ਮਾਨਵਤਾਂ, ਰੂੜੀਆਂ ਅਤੇ ਧਰਮ ਦੇ ਕਾਰਣ ਆਪਣੇ ਅਧਿਕਾਰਾਂ ਤੋਂ ਵਾਂਝੇ ਰਹੇ। ਜਾਤ-ਪਾਤ, ਊਚ-ਨੀਚ ਅਤੇ ਵਰਣ ਭੇਦ ਦੇ ਕਾਰਣ ਲੱਖਾਂ ਲੋਕ ਜੋ ਨਾ ਕੇਵਲ ਪ੍ਰਗਤੀ ਦੇ ਰਸਤੇ ‘ਤੇ ਇਕ ਕਦਮ ਵੀ ਨਾ ਚਲ ਸਕੇ ਬਲਕਿ ਜਿਨ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਵਰਣ ਭੇਦ, ਊਚ-ਨੀਚ ਦੀਆਂ ਦੀਵਾਰਾਂ ਏਨ੍ਹੀਆਂ ਉਚੀਆ ਅਤੇ ਮਜ਼ਬੂਤ ਸਨ ਕਿ ਇਨ੍ਹਾਂ ਨੂੰ ਢਾਹੁਣਾ ਅਸੰਭਵ ਸੀ। ਡਾ. ਅੰਬੇਦਕਰ ਨੇ ਇਸ ਦੀਵਾਰ ‘ਤੇ ਜ਼ੋਰਦਾਰ ਹਮਲੇ ਕੀਤੇ। ਉਹ ਲੱਖਾਂ ਬੇਸਹਾਰਾ, ਗ਼ਰੀਬ, ਹੇਠਲੀ ਸ਼੍ਰੇਣੀ ਦੇ ਲੋਕਾਂ ਦੀ ਆਵਾਜ਼ ਸਨ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਅਗਵਾਈ ਕੀਤੀ ਅਤੇ ਇਨ੍ਹਾਂ ਵਿਚ ਇਕ ਨਵੀਂ ਚੇਤਨਾ ਪੂਰਵਕ ਕ੍ਰਾਂਤੀ ਦੀ ਰੌਸ਼ਨੀ ਪੈਦਾ ਕੀਤੀ ਅਤੇ ਸਮਾਜ ਦੀਆਂ ਮਜ਼ਬੂਰੀਆਂ ਦਾ ਜ਼ਹਿਰ ਪੀ ਕੇ ਜੀਵਿਤ ਸੁਕਰਾਤ ਬਣ ਗਏ।

ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਸ੍ਰੀਮਤੀ ਭੀਮਾ ਬਾਈ ਦੀ ਕੁੱਖ ਤੋਂ ਹੋਇਆ। ਉਨ੍ਹਾਂ ਦੇ ਪਿਤਾ ਜੀ ਸੂਬੇਦਾਰ ਸ੍ਰੀ ਰਾਓ ਦਾਸ ਜੀ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਅੰਬਾਵੜੇ ਪਿੰਡ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਪਿਤਾ ਜੀ ਮਰਾਠੀ, ਹਿਸਾਬ ਅਤੇ ਅੰਗਰੇਜ਼ੀ ਦੇ ਚੰਗੇ ਗਿਆਤਾ ਸਨ। ਘਰ ਦਾ ਵਾਤਾਵਰਣ ਧਾਰਮਿਕ ਸੀ ਅਤੇ ਪਰਿਵਾਰ ਵਿਚ ਕਬੀਰ ਪੰਥੀ ਵਿਚਾਰਾਂ ਦਾ ਪੂਰਾ ਪ੍ਰਭਾਵ ਸੀ।



ਬਾਲਕ ਭੀਮ ਨੂੰ ਵਿਦਿਆਰਥੀ ਜੀਵਨ ਵਿਚ ਹੀ ਛੂਤ-ਛਾਤ ਦੇ ਕੌੜੇ ਅਨੁਭਵਾਂ ‘ਚੋਂ ਗੁਜ਼ਰਨਾ ਪਿਆ। ਇਕ ਵਾਰੀ ਦੀ ਗੱਲ ਹੈ ਕਿ ਬਾਲਕ ਭੀਮ ਭਿਅੰਕਰ ਬਾਰਿਸ਼ ਤੋਂ ਬਚਣ ਲਈ ਇਕ ਮਕਾਨ ਦੇ ਬਰਾਮਦੇ ਵਿਚ ਖੜ੍ਹਾ ਸੀ। ਸਵਰਨ ਜਾਤੀ ਮਕਾਨ ਮਾਲਿਕ ਨੂੰ ਜਦ ਬਾਲਕ ਦੀ ਜਾਤੀ ਦਾ ਪਤਾ ਲਗਾ ਕਿ ਉਸ ਨੇ ਬਾਲਕ ਨੂੰ ਬਸਤੇ ਸਮੇਤ ਬਰਸਾਤ ਦੀ ਚਿੱਕੜ ਵਿਚ ਧਕੇਲ ਦਿੱਤਾ।

ਬਾਲਕ ਭੀਮ ਨੂੰ ਇਸ ਤਰ੍ਹਾਂ ਦੇ ਅਨੇਕਾਂ ਹੀ ਅਪਮਾਨ ਸਹਿਣੇ ਪਏ। ਨਾਈ ਉਸਦੇ ਵਾਲ ਨਹੀਂ ਕੱਟਦਾ ਅਤੇ ਅਧਿਆਪਕ ਉਸ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਤਿਆਰ ਨਹੀਂ ਸੀ, ਪਰ ਇਸ ਨਾਲ ਉਸ ਦਾ ਸਾਹਸ, (ਹੌਂਸਲਾ) ਬਲ ਹੋਰ ਮਜ਼ਬੂਤ ਹੋਇਆ ਮੁਸ਼ਕਿਲਾਂ, ਮੁਸੀਬਤਾਂ ਅਤੇ ਸਮਾਜ ਦੇ ਬੁਰੇ ਵਿਵਹਾਰ ਨੇ ਉਨ੍ਹਾਂ ਨੂੰ ਸੋਨੇ ਦੀ ਤਰ੍ਹਾਂ ਬਣਾ ਦਿੱਤਾ ਸੀ, ਜੋ ਅੱਗ ਵਿਚ ਤਪ ਕੇ ਕੁੰਦਨ ਬਣ ਜਾਂਦਾ ਹੈ। ਉਨ੍ਹਾਂ ਦੇ ਅੰਦਰ ਆਤਮ ਵਿਸ਼ਵਾਸ, ਆਤਮ ਬਲ, ਦ੍ਰਿੜਤਾ ਉਤਪੰਨ ਹੋਈ ਅਤੇ ਬਚਪਨ ਵਿਚ ਹੀ ਫੌਲਾਦੀ ਇਰਾਦਾ ਬਣਾ ਲਿਆ ਕਿ ਛੂਤ-ਛਾਤ ਦੇ ਕਲੰਕ ਦੇ ਵਿਰੁੱਧ ਸੰਘਰਸ਼ ਕਰਨਗੇ। ਸਾਧਨਾਂ ਦੀ ਕਮੀ ਅਤੇ ਮੁਸ਼ਕਿਲਾਂ ਕਦੀ ਵੀ ਉਨ੍ਹਾਂ ਦੇ ਇਰਾਦੇ ਨਾ ਬਦਲ ਸਕੀਆਂ ਜਦੋਂ ਉਨ੍ਹਾਂ ਦੇ ਪਿਤਾ ਜੀ ਸੇਵਾ ਮੁਕਤ ਹੋਏ ਤਾਂ ਸਾਰਾ ਪਰਿਵਾਰ ਇਕ ਹੀ ਕੋਠੜੀ ਵਿਚ ਰਹਿੰਦਾ ਸੀ ਅਤੇ ਉਥੇ ਰਾਤ ਨੂੰ ਜਦ ਸਾਰੇ ਪਰਿਵਾਰ ਦੇ ਮੈਂਬਰ ਸੌ ਜਾਂਦੇ ਤਾਂ ਉਹ ਛੋਟਾ ਜਿਹਾ ਬੱਚਾ (ਭੀਮ) ਉਠ ਕੇ ਪੜ੍ਹਨਾ ਸ਼ੁਰੂ ਕਰ ਦਿੰਦਾ।

ਸੰਨ 1907 ਵਿਚ ਮੈਟ੍ਰਿਕ ਅਤੇ 1912 ਵਿਚ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਦੀ ਵਿਦਵਤਾ ਅਤੇ ਤੀਖਣ ਬੁੱਧੀ ਨੂੰ ਦੇਖ ਕੇ 1913 ਵਿਚ ਬੜੌਦਾ ਦੇ ਮਹਾਰਾਜ ਨੇ ਉਨ੍ਹਾਂ ਨੂੰ ਵਜ਼ੀਫਾ ਦੇ ਕੇ ਉਚ ਸਿੱਖਿਆ ਲਈ ਅਮਰੀਕਾ ਭੇਜਿਆ। ਉਹ 1913 ਤੋਂ 1917 ਈ. ਤੱਕ ਅਮਰੀਕਾ ਤੇ ਇੰਗਲੈਂਡ ਵਿਚ ਰਹੇ। ਉਨ੍ਹਾਂ ਦੇ ਅਰਥ ਸ਼ਾਸਤਰ, ਰਾਜਨੀਤੀ ਸ਼ਾਸਤਰ ਅਤੇ ਕਾਨੂੰਨ ਦਾ ਗਹਿਰਾ ਅਧਿਐਨ ਕੀਤਾ ਅਤੇ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਉਹ ਬੜੌਦਾ ਦੇ ਮਹਾਰਾਜਾ ਦੇ ਪ੍ਰਸ਼ਾਸਨ ਵਿਚ ਸੈਨਿਕ ਸਚਿਵ (ਸਕੱਤਰ) ਦੇ ਅਹੁਦੇ ‘ਤੇ ਨਿਯੁੱਕਤ ਹੋਏ ਪਰ ਦਫ਼ਤਰ ਵਿਚ ਦੁਰ-ਵਿਵਹਾਰ ਦੇ ਕਾਰਣ, ਛੂਤ-ਛਾਤ ਦੇ ਸ਼ਰਾਪ ਦੇ ਕਾਰਣ ਉਨ੍ਹਾਂ ਨੇ ਇਹ ਅਹੁੱਦਾ ਛੱਡ ਦਿੱਤਾ। ਵਕਾਲਤ ਪੇਸ਼ਾ ਅਪਣਾ ਕੇ ਉਨ੍ਹਾਂ ਨੇ ਹੇਠਲੇ ਵਰਗ ਦੇ ਕਲਿਆਣ ਲਈ ਕਾਰਜਸ਼ੀਲਤਾ ਸ਼ੁਰੂ ਕਰ ਦਿੱਤੀ। ਸਮਾਜਿਕ ਸਮਤਾਵਾਦ, ਦੇਸ਼ ਦੀ ਆਜ਼ਾਦੀ, ਸੰਮਤਵਾਦ ਹੇਠਲੇ ਵਰਗ ਦੀ ਵਿਦਿਆ ਲਈ ਸੰਘਰਸ਼ ਤੇਜ਼ ਕਰ ਦਿੱਤੇ। 1927 ਵਿਚ ਡਾ. ਅੰਬੇਦਕਰ ਬੰਬਈ ਵਿਧਾਨ ਪ੍ਰੀਸ਼ਦ ਲਈ ਚੁਣੇ ਗਏ। ਇਸੇ ਦੌਰਾਨ ਉਨ੍ਹਾਂ ਨੇ ਕਈ ਉਚੇ ਅਹੁਦੇ ਹਾਸਲ ਕੀਤੇ ਅਤੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ। ਇਸੇ ਦਰਾਨ ਗਾਂਧੀ ਜੀ ਅਤੇ ਹੋਰ ਰਾਸ਼ਟਰੀ ਨੇਤਾਵਾਂ ਨੇ ਵੀ ਸਮਾਜ ਵਿਚਲੋ ਛੂਤ-ਛਾਤ ਦੇ ਕਲੰਕ ਨੂੰ ਮਿਟਾਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਭਾਰਤ ਆਜ਼ਾਦ ਹੋਣ ਤੋਂ ਬਾਅਦ ਉਨ੍ਹਾਂ ਨੂੰ ਸੰਵਿਧਾਨ ਦੀ ਰਚਨਾ ਦਾ ਕਾਰਜਭਾਰ ਸੌਂਪਿਆ ਗਿਆ। ਉਨ੍ਹਾਂ ਦੀ ਅਗਵਾਈ ਵਿਚ ਨਾ ਕੇਵਲ ਸੰਵਿਧਾਨ ਦੀ ਰਚਨਾ ਹੋਈ, ਬਲਕਿ ਕਾਨੂੰਨ, ਜਾਤ-ਪਾਤ ਦੀ ਸਮਾਪਤੀ ਦੀ ਨੀਂਹ ਰੱਖੀ ਗਈ। ਆਜ਼ਾਦ ਭਾਰਤ ਦੇ ਉਹ ਪਹਿਲੇ ਕਾਨੂੰਨ ਮੰਤਰੀ ਬਣੇ। ਉਨ੍ਹਾਂ ਦਾ ਵਿਸ਼ਵਾਸ ਬੁੱਧ ਧਰਮ ਤੇ ਅਟੁੱਟ ਸੀ। ਉਹ ਮਹਾਤਮਾ ਬੁੱਧ ਦੇ ਪ੍ਰਸ਼ੰਸਕ ਸਨ ਅਤੇ ਬੁੱਧ ਧਰਮ ਨੂੰ ਗ੍ਰਹਿਣ ਕਰ ਲਿਆ ਸੀ। ਡਾ. ਭੀਮ ਰਾਓ ਅੰਬੇਦਕਰ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋ ਸਕਦੀ ਹੈ ਕਿ ਸਭਨਾਂ ਨੂੰ ਯੋਗਤਾ ਦੇ ਆਧਾਰ ‘ਤੇ ਸਮਾਜ ਵਿਚ, ਜੀਵਨ ਵਿਚ ਮਾਨ-ਸਨਮਾਨ ਮਿਲੇ।

## ਆਈਆਰਸੀਸੀ ਵਲੋਂ ਸਾਰੇ ਸੂਬਿਆਂ ਲਈ ਸਟੱਡੀ ਪਰਮਿਟਾਂ ਦੀ ਵੰਡ ਜਾਰੀ

ਓਟਵਾ-ਇਮੀਗ੍ਰੇਸ਼ਨ ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਇਕ ਬਿਆਨ ਜਾਰੀ ਕਰਕੇ ਕੇ ਦੱਸਿਆ ਕਿ ਉਹ 2024 ਵਿਚ ਹਰੇਕ ਸੂਬੇ ਲਈ ਸਟੱਡੀ ਪਰਮਿਟ ਦੀ ਅੰਤਿਮ ਵੰਡ ਕਰਨ ’ਤੇ ਕਿਵੇਂ ਪਹੁੰਚਿਆ ਹੈ। 22 ਜਨਵਰੀ ਦੇ ਇਸ ਐਲਾਨ ਪਿੱਛੋਂ ਕਿ ਵਿਭਾਗ ਸਟੱਡੀ ਪਰਮਿਟ ਅਰਜ਼ੀਆਂ ਦੀ ਗਿਣਤੀ ’ਤੇ ਕੈਪ ਲਾਗੂ ਕਰੇਗਾ ਜਿਹੜੀਆਂ ਹਰੇਕ ਸਾਲ ਪ੍ਰੋਸੈਸ ਕੀਤੀਆਂ ਜਾਣਗੀਆਂ ਆਈਆਰਸੀਸੀ ਨੇ ਸਪਸ਼ਟ ਕੀਤਾ ਕਿ ਹਰੇਕ ਸੂਬੇ ਨੂੰ ਸਟੱਡੀ ਪਰਮਿਟਾਂ ਦੀ ਅਲਾਟਮੈਂਟ ਹੋਵੇਗੀ ਜਿਹੜੇ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕਰ ਸਕਦਾ ਹੈ ਅਤੇ ਪਰਮਿਟਾਂ ਦੀ ਗਿਣਤੀ ਸੂਬੇ ਦੀ ਜਨਸੰਖਿਆ ਦੇ ਆਧਾਰ ’ਤੇ ਹੋਵੇਗੀ। ਅੱਜ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਆਈਆਰਸੀਸੀ ਦੀ ਕਾਰਜਪ੍ਰਣਾਲੀ ਨੂੰ ਸਪਸ਼ਟ ਕੀਤਾ ਕਿ ਇਹ ਇਸ ਗਿਣਤੀ ’ਤੇ ਕਿਵੇਂ ਪੁੱਜਾ ਅਤੇ ਹਰੇਕ ਸੂਬੇ ਲਈ ਸਟੱਡੀ ਪਰਮਿਟਾਂ ਦੀ ਅੰਤਿਮ ਵੰਡ ਨੂੰ ਸਾਂਝਾ ਕੀਤਾ। ਵਿਭਾਗ ਦਾ ਕਹਿਣਾ ਕਿ ਬਿਨ੍ਹਾਂ ਤਰਤੀਬ ਦਿੱਤਿਆਂ ਇਸ ਪ੍ਰਣਾਲੀ ਦੇ ਨਤੀਜੇ ਵਜੋਂ ਕੁਝ ਸੂਬਿਆਂ ਤੇ ਟੈਰੀਟਰੀਜ਼ ਨੂੰ 2023 ਦੇ ਮੁਕਾਬਲੇ 2024 ਵਿਚ ਜ਼ਿਆਦਾ ਅੰਤਰਰਾਸ਼ਟਰੀ ਵਿਦਿਆਰਥੀ ਮਿਲਣਗੇ ਜਦਕਿ ਦੂਸਰਿਆਂ ਦੇ ਹਿੱਸੇ ਘੱਟ ਵਿਦਿਆਰਥੀ ਆਉਣਗੇ। ਆਈਆਰਸੀਸੀ ਨੇ ਦੱਸਿਆ ਕਿ ਇਸ ਨੇ ਸੂਬਿਆਂ ਲਈ ਵੰਡ ਨੂੰ ਤਰਤੀਬ ਦਿੱਤੀ ਹੈ ਜਿਹੜੇ ਕਿਸੇ ਨਾਂਹਪੱਖੀ ਪ੍ਰਭਾਵ ਨੂੰ ਘਟਾਉਣ ਲਈ ਸਟੱਡੀ ਪਰਮਿਟਾਂ ਦੀ ਘੱਟ ਵੰਡ ਪ੍ਰਾਪਤ ਕਰਨਗੇ।

### ਓਨਟਾਰੀਓ ਨੂੰ ਸਭ ਤੋਂ ਵੱਡੀ ਵੰਡ

ਓਨਟਾਰੀਓ ਸੂਬੇ ਨੂੰ 235000 ਸਟੱਡੀ ਪਰਮਿਟਾਂ ਦੀ ਸਭ ਤੋਂ ਵੱਡੀ ਅਲਾਟਮੈਂਟ ਹੋਈ ਹੈ। ਇਹ ਕੈਨੇਡਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਸੂਬਾ ਹੈ ਅਤੇ ਆਈਆਰਸੀਸੀ ਦੀ ਅਧਿਕਾਰਤ ਸੂਚੀ ਮੁਤਾਬਿਕ ਓਨਟਾਰੀਓ ਵਿਚ 530 ਮਨੋਨੀਤ ਸਿਖਲਾਈ ਸੰਸਥਾਵਾਂ (ਡੀਐਲਆਈਐਸ) ਹਨ। ਸੂਬੇ ਨੇ ਹਾਲ ਹੀ ਵਿਚ ਖੁਲਾਸਾ ਕੀਤਾ ਸੀ ਕਿ ਉਸ ਨੂੰ ਮਿਲਣ ਸਟੱਡੀ ਪਰਮਿਟਾਂ ਵਿਚੋਂ 96 ਫ਼ੀਸਦੀ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਦਿੱਤੇ ਜਾਣਗੇ। ਇਸ ਦਾ ਮਤਲਬ ਸੂਬੇ ਵਿਚ ਬਹੁਤ ਥੋੜੀਆਂ ਨਿੱਜੀ ਸੰਸਥਾਵਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲ ਕਰ ਸਕਣਗੀਆਂ। ਸਮੁੱਚੀ ਵੰਡ ਦਾ ਦੂਸਰੇ ਸੂਬਿਆਂ ਨੂੰ ਵੱਡਾ ਹਿੱਸਾ ਮਿਲਿਆ ਹੈ। ਜਨਸੰਖਿਆ ਅਤੇ ਪ੍ਰਵਾਣਤ ਸਟੱਡੀ ਪਰਮਿਟਾਂ ਦੀ ਤਰਤੀਬ ਪਿੱਛੋਂ ਕਿਊਬਕ ਨੂੰ 117917 ਸਟੱਡੀ ਪਰਮਿਟ ਮਿਲੇ ਹਨ। ਬ੍ਰਿਟਿਸ਼ ਕੋਲੰਬੀਆ ਨੇ ਪਹਿਲਾਂ ਮਾਰਚ ਵਿਚ 83000 ਸਟੱਡੀ ਪਰਮਿਟਾਂ ਨੂੰ ਜਨਤਕ ਅਤੇ ਨਿੱਜੀ ਸੰਸਥਾਵਾਂ ਵਿਚ ਵੰਡਣ ਦਾ ਐਲਾਨ ਕੀਤਾ ਸੀ। ਅਲਬਰਟਾ ਜਿਸ ਦੀ ਆਬਾਦੀ ਕੈਨੇਡਾ ਦੀ ਕੁਲ ਜਨਸੰਖਿਆ ਦਾ 11.67 ਫ਼ੀਸਦੀ ਹੈ ਨੂੰ 40984 ਸਟੱਡੀ ਪਰਮਿਟਾਂ ਨਾਲ ਇਸ ਦੀ ਵੰਡ 10 ਫ਼ੀਸਦੀ ਤਕ ਸੀਮਤ ਹੋ ਗਈ। ਨੋਵਾ ਸਕੋਸ਼ੀਆ ਨੂੰ ਪਹਿਲਾਂ 12900 ਸਟੱਡੀ ਪਰਮਿਟਾਂ ਦੀ ਵੰਡ ਹੋਣ ਦੀ ਖ਼ਬਰ ਮਿਲੀ ਸੀ ਪਰ ਆਈਆਰਸੀਸੀ ਦਾ ਡਾਟਾ ਦੱਸਦਾ ਹੈ ਕਿ 7472 ਹੋਰ ਪਰਮਿਟਾਂ ਨਾਲ ਸੂਬੇ ਨੂੰ ਕੁਲ 20378 ਪਰਮਿਟਾਂ ਦੀ ਅਲਾਟਮੈਂਟ ਹੋਈ ਹੈ।




- Criminal Law
- Divorce Cases
- Immigration Law
- Notary Services
- Business Law
- Contract Disputes
- Property Litigation
- Property Liens

Your Lawyers, Because We Care

Singh Thind and Associates

BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.STLAWBC.CA



# ‘ਸਰੀ ਕ੍ਰਿਸਚੀਅਨ ਸਕੂਲ’ ਦੇ ਵਿਦਿਆਰਥੀ ਗੁਰਦੁਆਰਾ ਬਰੁੱਕਸਾਈਡ ਵਿਖੇ ਨਤਮਸਤਕ ਹੋਏ

ਸਰੀ (ਹਰਦਮ ਮਾਨ)-ਸਰੀ ਕ੍ਰਿਸਚੀਅਨ ਸਕੂਲ ਦੇ ਵਿਦਿਆਰਥੀ ਆਪਣੇ ਅਧਿਆਪਕ ਕਾਰਲੋਸ ਐਲਵੈਰੋ ਨਾਲ ਬੀਤੇ ਦਿਨ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਨਤਮਸਤਕ ਹੋਏ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸੈਕਟਰੀ ਸੁਰਿੰਦਰ ਸਿੰਘ ਜੱਬਲ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਸੁਸਾਇਟੀ ਵੱਲੋਂ ਜੀ ਆਇਆਂ ਕਿਹਾ ਅਤੇ ਗੁਰਦੁਆਰਾ ਸਾਹਿਬ ਵਿਚ ਪ੍ਰਵੇਸ਼ ਕਰਨ ਦੀ ਮਰਿਆਦਾ ਬਾਰੇ ਜਾਣੂੰ ਕਰਵਾਇਆ। ਉਪਰੰਤ ਸਾਰੇ ਵਿਦਿਆਰਥੀ ਤੀਸਰੀ ਮੰਜ਼ਿਲ ‘ਤੇ ਗੈਲਰੀ ਹਾਲ ਵਿਚ ਪਹੁੰਚੇ ਜਿਥੇ ਗਿਆਨੀ ਸਾਹਿਬਾਨ ਸਹਿਜ ਪਾਠਾਂ ਦੀ ਸੇਵਾ ਨਿਭਾਅ ਰਹੇ ਸਨ। ਵਿਦਿਆਰਥੀਆਂ ਨੇ ਬੜੇ ਉਤਸ਼ਾਹ ਤੇ ਉਤਸੁਕਤਾ ਨਾਲ ਸਿੱਖ ਧਰਮ ਤੇ ਗੁਰਦੁਆਰਾ ਸਾਹਿਬ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਫਿਰ ਦਰਬਾਰ ਹਾਲ ਵਿਚ ਹਾਜਰੀ ਭਰੀ। ਅੰਤ ਵਿਚ ਮਰਿਆਦਾ ਅਨੁਸਾਰ ਲੰਗਰ ਛਕ ਕੇ ਵਿਦਿਆਰਥੀ ਆਪਣੇ ਸਕੂਲ ਨੂੰ ਵਾਪਿਸ ਰਵਾਨਾ ਹੋਏ। ਕੋਵਿਡ-19 ਮਹਾਂਮਾਰੀ ਤੋਂ ਬਾਅਦ ਸਰੀ ਕ੍ਰਿਸਚੀਅਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਆਪਣੇ ਆਂਢ ਗੁਆਂਢ ਪ੍ਰਤੀ ਜਾਗਰੂਕ ਹੋਣ ਦਾ ਇਹ ਪਹਿਲਾ ਮੌਕਾ ਸੀ।

## ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਖ਼ਾਲਸਾ ਦਿਹਾੜੇ ਤੇ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ 13 ਅਪ੍ਰੈਲ ਨੂੰ

ਸਰੀ -ਡੈਲਟਾ : ਸਿੱਖ ਵਿਰਾਸਤ ਮਹੀਨੇ ਅਤੇ ਖ਼ਾਲਸਾ ਦਿਹਾੜੇ ਤੇ ਵਿਸਾਖੀ ਪੁਰਬ ਨੂੰ ਸਮਰਪਿਤ ਕਵੀ ਦਰਬਾਰ ਕਰਵਾਉਣ ਦਾ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ-ਡੈਲਟਾ ਵੱਲੋਂ ਉਪਰਾਲਾ ਕੀਤਾ ਗਿਆ ਹੈ। ਕਵੀ ਦਰਬਾਰ 13 ਅਪ੍ਰੈਲ ਦਿਨ ਸ਼ਨਿਚਰਵਾਰ ਸ਼ਾਮ ਦੇ ਦੀਵਾਨ, ਸਾਢੇ ਛੇ ਵਜੇ ਤੋਂ ਰਾਤੀਂ ਸਾਢੇ ਅੱਠ ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਖ਼ਾਲਸਾ ਦਿਹਾੜੇ, ਵਿਸਾਖੀ, ਸਿੱਖ ਇਤਿਹਾਸ ਅਤੇ ਬਵੰਜਾ ਕਵੀਆਂ ਦੀ ਇਤਿਹਾਸਕ ਪਰੰਪਰਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਕਵੀ ਵਡਮੁੱਲੀਆਂ ਕਵਿਤਾਵਾਂ ਸ਼ਾਮਲ ਕਰ ਸਕਦੇ ਹਨ। ਇਹ ਉਪਰਾਲਾ ਸਾਡੀ ਵਿਰਾਸਤ ਅਤੇ ਸ਼ਾਨਾਮੱਤੇ ਇਤਿਹਾਸ ਨੂੰ ਉਜਾਗਰ ਕਰਨ ਲਈ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਦਾ ਹਾਰਦਿਕ ਧੰਨਵਾਦਹੈ।ਕਵੀ ਇਸ ਕਵੀ ਦਰਬਾਰ ਵਿੱਚ ਸ਼ਾਮਲ ਹੋਣ ਲਈ ਆਪਣੇ ਨਾਂ ਲਿਖਵਾਏ ਜਾ ਸਕਦੇ ਹਨ। ਵਧੇਰੀ ਜਾਣਕਾਰੀ ਜਾਂ ਨਾਮ ਲਿਖਵਾਉਣ ਲਈ ਫੋਨ ਨੰਬਰਾਂ 604 598 1300, 604 499 7400, 604 726 8164 ਜਾਂ 604 825 1550 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੁਣ 15 ਮਈ ਤੋਂ ਪਹਿਲਾਂ ਦਾਖਲਾ ਲੈਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਹੀ ਜਾਰੀ ਹੋਵੇਗਾ ਵਰਕ ਪਰਮਿਟ

ਓਟਵਾ-ਕੈਨੇਡਾ ਨੇ ਪਬਲਿਕ-ਪ੍ਰਾਈਵੇਟ ਭਾਈਵਾਲੀ ਪ੍ਰੋਗਰਾਮਾਂ ਤੋਂ ਗਰੈਜੂਏਟ ਹੋਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਰਕ ਪਰਮਿਟ ਜਾਰੀ ਕਰਨ ਦੀ ਸਮੇਂ ਦੀ ਹੱਦ ਪਹਿਲੀ ਸਤੰਬਰ ਦੀ ਬਜਾਏ 15 ਮਈ 2024 ਕਰ ਦਿੱਤੀ ਹੈ। ਇਮੀਗ੍ਰੇਸ਼ਨ, ਰਿਫਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ 22 ਮਾਰਚ ਨੂੰ ਕਿਹਾ ਕਿ ਇਹ ਕਦਮ ਸਕੂਲਾਂ ਨੂੰ ਨੀਤੀ ਤਬਦੀਲੀ ਕਾਰਨ ਆਪਣੀਆਂ ਦਾਖਲਾ ਤਾਰੀਕਾਂ ਨੂੰ ਅਨੁਕੂਲ ਕਰਨ ਤੋਂ ਰੋਕਣ ਲਈ ਚੁੱਕਿਆ ਗਿਆ ਹੈ। ਅਸਲ ਵਿਚ ਨਿੱਜੀ ਸੰਸਥਾਵਾਂ ਸਰਕਾਰ ਦੀ ਪਹਿਲੀ ਸਤੰਬਰ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਲਾਗੂ ਹੋਣ ਵਾਲੀ ਨਵੀਂ ਨੀਤੀ ਤੋਂ ਬਚਣ ਲਈ ਆਪਣੀਆਂ ਦਾਖਲਾ ਤਾਰੀਕਾਂ ਨੂੰ ਅੱਗੇ ਲਿਆਉਣਾ ਦੀ ਯੋਜਨਾ ਬਣਾ ਰਹੀਆਂ ਸਨ। ਹਾਲ ਹੀ ਵਿਚ ਬਿਜਨਸਡੇਅ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਕੈਨੇਡਾ ਸਰਕਾਰ ਦੀਆਂ ਜਨਸੰਖਿਆ ਵਾਧੇ ਦੀ ਪ੍ਰਬੰਧਨ ਅਤੇ ਮਕਾਨਾਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ 2024 ਵਿਚ ਸ਼ੁਰੂ ਹੋ ਰਹੇ ਇਨਟੇਕ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਦੋ ਸਾਲ ਕੈਪ ਲਾਗੂ ਕਰਨ ਦੀਆਂ ਯੋਜਨਾਵਾਂ ਹਨ। ਇਸ ਤੋਂ ਇਲਾਵਾ ਨੀਤੀ ਗਰੈਜੂਏਸ਼ਨ ਪਿੱਛੋਂ ਪੋਸਟ ਗਰੈਜੂਏਟ ਵਿਦਿਆਰਥੀਆਂ ਨੂੰ ਵਰਕ ਪਰਮਿਟ ਜਾਰੀ ਕਰਨ ਨੂੰ ਸੀਮਤ ਕਰੇਗੀ। ਜਨਵਰੀ 2024 ਵਿਚ ਆਈਆਰਸੀਸੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਪਬਲਿਕ-ਪ੍ਰਾਈਵੇਟ ਪਾਠਕ੍ਰਮ ਲਾਇਸੰਸ ਪ੍ਰਬੰਧ ਵਾਲੇ ਕਾਲਜ ਪ੍ਰੋਗਰਾਮ ਰਾਹੀਂ ਗਰੈਜੂਏਟ ਹੋਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਪੋਸਟ ਗਰੈਜੂਏਸ਼ਨ ਵਰਕ ਪਰਮਿਟ ਦੇ ਯੋਗ ਨਹੀਂ ਹੋਣਗੇ। ਕੁਝ ਸਕੂਲਾਂ ਨੇ ਐਲਾਨ ਕੀਤਾ ਸੀ ਕਿ ਉਹ ਅਕਾਦਮਿਕ ਸਾਲ ਜੂਨ ਜਾਂ ਅਗਸਤ ਵਿਚ ਸ਼ੁਰੂ ਕਰਨਗੇ। ਪਿਛਲੇ ਸਮੇਂ ਵਿਚ ਪਬਲਿਕ-ਪ੍ਰਾਈਵੇਟ ਭਾਈਵਾਲੀ ਤਹਿਤ ਵਿਦੇਸ਼ੀ ਵਿਦਿਆਰਥੀ ਸਰਕਾਰੀ ਸਕੂਲਾਂ ਵਿਚ ਦਾਖਲ ਕੀਤੇ ਜਾਂਦੇ ਸਨ ਅਤੇ ਫਿਰ ਉਨ੍ਹਾਂ ਨੂੰ ਫੀਸ ਬਦਲੇ ਨਿੱਜੀ ਸੰਸਥਾਵਾਂ ਵਿਚ ਭੇਜ ਦਿੱਤਾ ਜਾਂਦਾ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ਪਬਲਿਕ ਸਕੂਲ ਡਿਪਲੋਮਾ ਮਿਲਦਾ ਸੀ ਜਿਸ ਨਾਲ ਉਹ ਗਰੈਜੂਏਸ਼ਨ ਕਰਨ ਪਿੱਛੋਂ ਵਰਕ ਪਰਮਿਟ ਅਪਲਾਈ ਕਰਨ ਦੇ ਯੋਗ ਹੋ ਜਾਂਦੇ ਸਨ ਪਰ ਮਨਾਹੀ ਦੇ ਬਾਵਜੂਦ ਵਿਦਿਆਰਥੀ ਬਦਲਵੇਂ ਵਰਕ ਪਰਮਿਟਾਂ ਦੀ ਭਾਲ ਕਰ ਸਕਦੇ ਹਨ, ਖ਼ਾਸਕਰ ਉਨ੍ਹਾਂ ਖੇਤਰਾਂ ਵਿਚ ਜਿਥੇ ਮਾਨਵੀ ਵਸੀਲਿਆਂ ਦੀ ਘਾਟ ਚੱਲ ਰਹੀ ਹੈ। ਓਨਟਾਰੀਓ ਵਿਚ ਘੱਟੋ ਘੱਟ 14 ਪਬਲਿਕ-ਪ੍ਰਾਈਵੇਟ ਭਾਈਵਾਲੀ ਵਾਲੇ ਸਕੂਲ ਹਨ ਅਤੇ ਫ਼ੈਸਲੇ ਕਾਰਨ ਲਗਪਗ 133000 ਅੰਤਰਰਾਸ਼ਟਰੀ ਵਿਦਿਆਰਥੀਆਂ ਘਟਣ ਦੇ ਨੁਕਸਾਨ ਨਾਲ ਉਨ੍ਹਾਂ 'ਤੇ ਕਾਫੀ ਅਸਰ ਪਵੇਗਾ।





# ਕਿਸਾਨ ਅੰਦੋਲਨਕਾਰੀਆਂ, ਭਾਈ ਅੰਮ੍ਰਿਤਪਾਲ ਸਿੰਘ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਰੋਸ ਮੁਜ਼ਾਹਰਾ

ਸਰੀ (ਹਰਦਮ ਮਾਨ)-ਸਤਿਕਾਰ ਕਮੇਟੀ ਕਨੇਡਾ ਵੱਲੋਂ ਬੀਤੇ ਦਿਨ ਸ਼ੰਭੂ, ਖਨੌਰੀ, ਡੱਬਵਾਲੀ ਬਾਰਡਰ 'ਤੇ ਸੰਘਰਸ਼ ਕਰ ਰਹੇ ਕਿਸਾਨ ਅੰਦੋਲਨਕਾਰੀਆਂ ਦੀ ਹਮਾਇਤ ਵਿੱਚ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਸਰੀ ਵਿਖੇ (ਕਿੰਗ ਜੌਰਜ ਸਟਰੀਟ ਤੇ 88 ਐਵੀਨਿਊ ਨੇੜੇ ਬੀਅਰ ਕਰੀਕ ਪਾਰਕ) ਵਿੱਚ ਜੋਸ਼ ਭਰਿਆ ਮੁਜ਼ਾਹਰਾ ਕੀਤਾ ਗਿਆ। ਇਹ ਜਾਣਕਾਰੀ ਦਿੰਦਿਆਂ ਸਤਿਕਾਰ ਕਮੇਟੀ ਦੇ ਆਗੂ ਕੁਲਦੀਪ ਸਿੰਘ ਸੇਖੋ ਨੇ ਦੱਸਿਆ ਹੈ ਕਿ ਇਸ ਮੌਕੇ ਪਹੁੰਚੀ ਸੰਗਤ ਵੱਲੋਂ ਸਭ ਤੋਂ ਪਹਿਲਾਂ ਅਰਦਾਸ ਕੀਤੀ ਗਈ। ਇਨ੍ਹਾਂ ਮੁਜ਼ਾਹਰੇ ਨੂੰ ਆਉਣ ਜਾਣ ਵਾਲੀਆਂ ਗੱਡੀਆਂ, ਟਰੱਕਾਂ ਦੇ ਡਰਾਈਵਰਾਂ ਤੇ ਪੈਦਲ ਜਾਣ ਵਾਲਿਆਂ ਨੇ ਜੈਕਾਰੇ ਛੱਡ ਕੇ, ਹਾਰਨ ਮਾਰ ਕੇ ਅਤੇ ਹੱਥ ਖੜ੍ਹੇ ਕਰਕੇ ਪ੍ਰਬੰਧਕਾਂ ਦੇ ਹੌਸਲੇ ਬੁਲੰਦ ਕੀਤੇ। ਬਹੁਤ ਸਾਰੇ ਲੋਕਾਂ ਨੇ ਇਸ ਮੁਜ਼ਾਹਰੇ ਦੀ ਹਮਾਇਤ ਕਰਨ ਦਾ ਇਕਰਾਰ ਕੀਤਾ। ਇਸ ਮੁਜ਼ਾਹਰੇ ਵਿੱਚ ਭਾਈ ਅਮਰਜੀਤ ਸਿੰਘ ਪ੍ਰਧਾਨ, ਮਾਸਟਰ ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰਜੀਤ ਸਿੰਘ, ਪਰਮਿੰਦਰ ਕੌਰ, ਪ੍ਰਭਸ਼ਰਨ ਕੌਰ, ਜਸਮੇਲ ਕੌਰ, ਬਲਰਾਜ ਕੌਰ, ਦਲਜੀਤ ਕੌਰ, ਮਨਤੇਜ ਸਿੰਘ, ਗੁਰਫਤਿਹ ਸਿੰਘ, ਜੋਧਵੀਰ ਸਿੰਘ, ਰੀਤ ਕੌਰ, ਰਵੀਇੰਦਰ ਸਿੰਘ, ਹਰਕੰਵਲ ਸਿੰਘ, ਕੁੰਵਰਦੀਪ ਸਿੰਘ, ਗੁਰਬਚਨ ਸਿੰਘ, ਤਰਨਜੀਤ ਸਿੰਘ, ਦੀਦਾਰ ਸਿੰਘ, ਜੋਗਿੰਦਰ ਸਿੰਘ, ਗੁਰਮੀਤ ਸਿੰਘ, ਅੰਮ੍ਰਿਤਪਾਲ ਸਿੰਘ, ਮਨਵੀਰ ਸਿੰਘ, ਸਿਮਰਨਜੀਤ ਕੌਰ ਸ਼ਾਮਿਲ ਹੋਏ। ਕੁਲਦੀਪ ਸਿੰਘ ਸੇਖੋ ਨੇ ਇਹ ਵੀ ਦੱਸਿਆ ਹੈ ਕਿ ਉਕਤ ਮੁੱਦਿਆਂ ਨੂੰ ਲੈ ਕੇ ਹਰ ਹਫਤੇ ਐਤਵਾਰ ਨੂੰ ਸ਼ਾਮ 5 ਤੋਂ 7 ਵਜੇ ਤੱਕ ਇਸ ਸਥਾਨ 'ਤੇ ਮੁਜ਼ਾਹਰਾ ਕੀਤਾ ਜਾਇਆ ਕਰੇਗਾ।

## ਡੈਲਟਾ ਦੇ ਵਿਅਕਤੀ ਖਿਲਾਫ ਹਥਿਆਰਾਂ ਦੀ ਤਸਕਰੀ ਤੇ ਹੋਰ ਅਪਰਾਧਾਂ ਦੇ ਦੋਸ਼ ਆਇਦ

ਸਰੀ-ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਜਾਂਚ ਪਿੱਛੋਂ ਡੈਲਟਾ ਦਾ ਇਕ ਵਿਅਕਤੀ ਇਕ ਦਰਜਨ ਤੋਂ ਵੀ ਜ਼ਿਆਦਾ ਅਗਨੀ ਸ਼ਾਸਤਰਾਂ ਅਤੇ ਹਥਿਆਰਾਂ ਨਾਲ ਸਬੰਧਤ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਸੀਬੀਐਸਏ ਦੇ ਜਾਂਚ ਅਧਿਕਾਰੀਆਂ ਨੇ ਆਰਸੀਐਮਪੀ ਇੰਟੀਗ੍ਰੇਟਿਡ ਐਮਰਜੈਂਸੀ ਰਿਸਪਾਂਸ ਟੀਮ ਦੀ ਸਹਾਇਤਾ ਨਾਲ ਅਗਨੀ ਸ਼ਾਸਤਰਾਂ ਦੇ ਹਿੱਸਿਆਂ ਦੀ ਗਲਤ ਦਰਾਮਦ ਜਿਹੜੀ ਅਪ੍ਰੈਲ 2022 ਵਿਚ ਸ਼ੁਰੂ ਕੀਤੀ ਗਈ ਸੀ ਦੀ ਜਾਂਚ ਨਾਲ ਸਬੰਧਤ 16 ਮਾਰਚ 2023 ਨੂੰ 41 ਸਾਲਾ ਬਰਾਈਸ ਕੈਮਰੋਨ ਮੈਕਡੋਨਾਲਡ ਦੇ ਡੈਲਟਾ ਵਿਚਲੇ ਘਰ ਤਲਾਸ਼ੀ ਵਾਰੰਟ ਦੀ ਤਾਮੀਲ ਕੀਤੀ ਸੀ। ਪਿਛਲੇ ਸਾਲ ਵਾਰੰਟ ਦੀ ਤਾਮੀਲ ਸਮੇਂ ਮੈਕਡੋਨਾਲਡ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅਗਲੇਰੀ ਜਾਂਚ ਚੱਲਣ ਤਕ ਰਿਹਾਅ ਕੀਤਾ ਗਿਆ ਸੀ।

## ਟਰੂਡੋ ਵੱਲੋਂ ਹਰੇਕ ਸਾਲ ਚਾਰ ਲੱਖ ਹੋਰ ਬੱਚਿਆਂ ਨੂੰ ਭੋਜਨ ਦੇਣ ਲਈ ਕੌਮੀ ਸਕੂਲ ਫੂਡ ਪ੍ਰੋਗਰਾਮ ਦਾ ਐਲਾਨ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਕਿ ਆ ਰਹੇ ਫੈਡਰਲ ਬਜਟ ਵਿਚ ਕੌਮੀ ਸਕੂਲ ਫੂਡ ਪ੍ਰੋਗਰਾਮ ਲਈ ਫੰਡ ਸ਼ਾਮਿਲ ਕੀਤਾ ਜਾਵੇਗਾ ਜਿਸ ਦਾ ਉਦੇਸ਼ ਸਮੁੱਚੇ ਦੇਸ਼ ਵਿਚ ਹਰੇਕ ਸਾਲ ਚਾਰ ਲੱਖ ਹੋਰ ਬੱਚਿਆਂ ਨੂੰ ਭੋਜਨ ਮੁਹੱਈਆ ਕਰਨਾ ਹੈ। ਟਰੂਡੋ ਨੇ ਇਹ ਐਲਾਨ ਲਿਬਰਲ ਸਰਕਾਰ ਦੇ ਬਜਟ ਤੋਂ ਪਹਿਲਾਂ ਚਲ ਰਹੇ ਟੂਰ ਦੇ ਹਿੱਸੇ ਵਜੋਂ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਅਤੇ ਫੈਮਿਲੀਜ਼ ਬਾਰੇ ਮੰਤਰੀ ਜੇਨਾ ਸੁਡਜ਼ ਦੀ ਹਾਜ਼ਰੀ ਦੌਰਾਨ ਟੋਰਾਂਟੋ ਵਿਚ ਕੀਤਾ। ਓਟਵਾ ਦੀਆਂ ਪ੍ਰੋਗਰਾਮ 'ਤੇ ਅਗਲੇ ਪੰਜ ਸਾਲਾਂ ਵਿਚ ਇਕ ਅਰਬ ਡਾਲਰ ਖਰਚਣ ਦੀਆਂ ਯੋਜਨਾਵਾਂ ਹਨ। ਸਿੱਖਿਆ ਦਾ ਵਿਸ਼ਾ ਫੈਡਰਲ ਕਾਨੂੰਨੀ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ ਪਰ ਕੌਮੀ ਪ੍ਰੋਗਰਾਮ ਨਾਲ ਫੈਡਰਲ ਸਰਕਾਰ ਸੂਬਿਆਂ ਤੇ ਟੈਰੀਟਰੀਜ਼ ਨਾਲ ਭਾਈਵਾਲ ਬਣ ਸਕੇਗੀ ਜਿਸ ਲਈ ਕਈ ਸੂਬੇ ਤੇ ਟੈਰੀਟਰੀਜ਼ ਕਮਿਊਨਿਟੀ ਗਰੁੱਪਾਂ ਨਾਲ ਪਹਿਲਾਂ ਹੀ ਕੰਮ ਕਰ ਰਹੇ ਹਨ।

# ਤਰਕਸ਼ੀਲ ਸੁਸਾਇਟੀ ਦੀ ਚੋਣ 28 ਅਪ੍ਰੈਲ ਨੂੰ-ਸਰੀ ਨਗਰ ਕੀਰਤਨ 'ਤੇ ਲੱਗੇਗਾ ਬੁੱਕ ਸਟਾਲ

ਸਰੀ, 8 ਅਪਰੈਲ (ਹਰਦਮ ਮਾਨ)- ਤਰਕਸ਼ੀਲ ਸੁਸਾਇਟੀ ਦਾ ਦੋ-ਸਾਲਾ ਕੌਮੀ ਡੈਲੀਗੇਟ ਇਜਲਾਸ 17 ਮਈ (ਐਤਵਾਰ) ਨੂੰ ਹੋ ਰਿਹਾ ਹੈ। ਤਰਕਸ਼ੀਲ ਸੁਸਾਇਟੀ ਸਰੀ ਯੂਨਿਟ ਦੇ ਪ੍ਰਧਾਨ ਜਸਵਿੰਦਰ ਹੇਅਰ ਅਤੇ ਸਕੱਤਰ ਗੁਰਮੇਲ ਗਿੱਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੰਬੰਧ ਵਿਚ ਸਰੀ ਯੂਨਿਟ ਦੀ ਜਨਰਲ ਬਾਡੀ ਦੀ ਮੀਟਿੰਗ 28 ਅਪਰੈਲ (ਐਤਵਾਰ) ਨੂੰ ਸਵੇਰੇ 11 ਵਜੇ ਪ੍ਰੋਗਰੈਸਿਵ ਕਲਚਰਲ ਸੈਂਟਰ ਯੂਨਿਟ (126-7536, 130 ਸਟਰੀਟ) ਸਰੀ ਵਿਖੇ, ਕੌਮੀ ਪ੍ਰਧਾਨ ਬਾਈ ਅਵਤਾਰ ਗਿੱਲ ਦੀ ਪ੍ਰਧਾਨਗੀ ਹੇਠ ਬੁਲਾਈ ਗਈ ਹੈ, ਜਿਸ ਵਿੱਚ ਨਵੀਂ ਮੈਂਬਰਸ਼ਿਪ ਕਰਨ ਤੋਂ ਬਾਅਦ ਸੁਸਾਇਟੀ ਦੀਆਂ ਪਿਛਲੇ ਦੋ ਸਾਲਾਂ ਦੀਆਂ ਸਰਗਰਮੀਆਂ 'ਤੇ ਚਰਚਾ ਕੀਤੀ ਜਾਵੇਗੀ, ਕਾਰਜਕਰਨੀ ਦੀ ਦੋ ਸਾਲ ਲਈ ਚੋਣ ਕੀਤੀ ਜਾਵੇਗੀ, ਕੌਮੀ ਇਜਲਾਸ ਲਈ ਡੈਲੀਗੇਟ ਚੁਣੇ ਜਾਣਗੇ ਅਤੇ ਸੁਸਾਇਟੀ ਦੀ ਆਰਥਿਕ ਹਾਲਤ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸੁਸਾਇਟੀ ਦਾ ਸਮਾਜ ਵਿੱਚ ਪ੍ਰਚਾਰ ਅਤੇ ਆਧਾਰ ਵਧਾਉਣ ਲਈ ਵੀ ਵਿਚਾਰ ਚਰਚਾ ਕੀਤੀ ਜਾਵੇਗੀ। ਸੁਸਾਇਟੀ ਵੱਲੋਂ ਸਮਾਜ ਵਿੱਚ ਫ਼ੈਲੇ ਹੋਏ ਅੰਧ-ਵਿਸ਼ਵਾਸ਼ ਪ੍ਰਤੀ ਫ਼ਿਕਰਮੰਦ ਲੋਕਾਂ ਨੂੰ ਮੀਟਿੰਗ ਵਿੱਚ ਸ਼ਾਮਿਲ ਹੋ ਕੇ ਅਤੇ ਸੁਸਾਇਟੀ ਦੇ ਮੈਂਬਰ ਬਣ ਕੇ ਤਰਕਸ਼ੀਲ ਲਹਿਰ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਗਿਆ ਹੈ। ਸੁਸਾਇਟੀ ਵੱਲੋਂ 20 ਅਪਰੈਲ ਨੂੰ ਸਰੀ ਵਿਖੇ ਹੋ ਰਹੇ ਨਗਰ ਕੀਰਤਨ 'ਤੇ ਸੁਸਾਇਟੀ ਦਾ ਬੁੱਕ ਸਟਾਲ, 128 ਸਟ੍ਰੀਟ ਤੇ ਪਾਇਲ ਬਿਜ਼ਨੈਸ ਸੈਂਟਰ ਦੇ ਸਾਹਮਣੇ ਰੇਲਵੇ ਲਾਈਨ ਦੇ ਕੋਲ ਲਾਇਆ ਜਾਵੇਗਾ। ਇਸ ਸਟਾਲ ਉੱਪਰ ਤਰਕਸ਼ੀਲ ਸੁਸਾਇਟੀ ਦੀਆਂ ਕਿਤਾਬਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਜਾਣਕਾਰੀ ਭਰਪੂਰ ਅਤੇ ਅਗਾਂਹ-ਵਧੂ ਸਾਹਿਤ ਬਹੁਤ ਹੀ ਵਾਜਿਬ ਕੀਮਤ 'ਤੇ ਪ੍ਰਾਪਤ ਕੀਤਾ ਜਾ ਸਕੇਗਾ। ਬੱਚਿਆਂ ਲਈ ਗਿਆਨ ਭਰਪੂਰ ਕਿਤਾਬਾਂ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਅਤੇ ਸੀਨੀਅਰ ਸਿਟੀਜ਼ਨ ਲਈ ਵੀ ਸਾਹਿਤ ਹਾਜ਼ਰ ਮਿਲੇਗਾ। ਸੁਸਾਇਟੀ ਦਾ ਮੈਂਬਰ ਬਣਨ ਲਈ ਮੈਂਬਰਸ਼ਿਪ ਫ਼ਾਰਮ ਵੀ ਸਟਾਲ 'ਤੇ ਭਰੇ ਜਾ ਸਕਦੇ ਹਨ। ਹੋਰ ਜਾਣਕਾਰੀ ਲਈ ਫੋਨ ਨੰਬਰ 604-499-3699, 604-206-4705 ਅਤੇ 672-558-5757 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।



LOOKING TO BUY OR SELL?



eXp REALTY

ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਟ,
ਕਮਰਸ਼ਿਅਲ ਪ੍ਰਾਪਰਟੀ ਅਤੇ ਲੈਂਡ
ਲੈਣ ਲਈ ਸੰਪਰਕ ਕਰੋ

ਤੁਹਾਡਾ ਆਪਣਾ ਰਿਐਲਟਰ
HARRY
KHOSA

PERSONAL REAL ESTATE CORPORATION

778.558.9745

@BROKERHARRYKHOSA

ਸਮੂਹ ਭਾਈਚਾਰੇ ਨੂੰ
ਖਾਲਸਾ ਸਾਜਨਾ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ।



For All Your
Real Estate Needs
Call: Kulvir Sahota

PLANET GROUP
REALTY INC.

Planet Group Realty Inc.
#266-8128 128 Street,
Surrey, BC V3W 1R1
Tel: 604-572-1008
sahotakulvir@gmail.com

KULVIR SAHOTA
Personal Real Estate Corporation
778.863.2472


ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
NAV WINDOWS & DOORS LTD
ਘਰਾਂ ਅਤੇ ਕਮਰਸ਼ੀਅਲ ਸਾਈਟਸ ਵਾਸਤੇ ਹਰ ਤਰ੍ਹਾਂ ਦੇ ਡੋਰਾਂ, ਵਿੰਡੋ, ਵਿੰਡੋ ਸਕਰੀਨਾਂ, ਸਨਰੂਮ ਅਤੇ ਡੈਕਰੂਮ ਲਗਵਾਉਣ ਲਈ ਆਕਰਸ਼ਕ ਰੇਂਜ ਅਤੇ ਵਾਜਿਬ ਕੀਮਤਾਂ
Happy Vaisakhi
*Qualtiy Products *Superior Service.
Phone:778-637-2500,604-372-0013
#101-102-17665-66A Ave, Surrey
E-mail: navwindows@gmail.com www.navwindows.com

ਖਾਲਸੇ ਦੇ ਸਿਰਜਨਾ ਦਿਵਸ
ਅਤੇ ਵਿਸਾਖੀ ਦੀਆਂ
ਸਾਰਿਆਂ ਨੂੰ ਬਹੁਤ-ਬਹੁਤ ਵਧਾਈਆਂ




# HANS PATIO COVER & RAILING LTD.

- Aluminum Railing
- Glass Railing
- Patio Covers
- Fences
- Automatic Gates
- Security Bars

Residential & Commercial



Gurinder Hans
604-897-5232

Harpreet Hans
604-897-7155


http://hans-patio-cover-and-railing-ltd.business.site
Email: harpreethans27@gmail.com

# SunFlex Windows & Doors Renovation Ltd.

SunFlex

# ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

**ਘਰਾਂ ਅਤੇ ਕਮਰਸ਼ੀਅਲ ਸਾਈਟਸ ਵਾਸਤੇ
ਹਰ ਤਰ੍ਹਾਂ ਦੇ ਡੋਰਾਂ, ਵਿੰਡੋ, ਵਿੰਡੋ ਸਕਰੀਨਾਂ,
ਸਨਰੂਮ ਅਤੇ ਡੈਕਰੂਮ ਲਗਵਾਉਣ ਲਈ
ਆਕਰਸ਼ਕ ਰੇਂਜ ਅਤੇ ਵਾਜਿਬ ਕੀਮਤਾਂ**



*Happy Vaisakhi*



- For all kind of windows, doors & window screens
- Large Range to Pick
- Attractive Best Prices
- Insulation against noise, dust, rain, pollution & rising energy costs.

**Contact:778-712-2300,604-358-0023**

www.sunflexwindows.com sunflexwindows25@gmail.com

# ਸਿੱਧੂ ਮੂਸੇਵਾਲਾ ਦਾ ਰੈਪਰ ਸੰਨੀ ਮਾਲਟਨ ਨਾਲ ਸਾਂਝਾ ਗੀਤ '4:10' ਰਿਲੀਜ਼

ਮਾਨਸਾ-ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਨਵਾਂ ਗੀਤ '4.10', ਜੋ ਰੈਪਰ ਸੰਨੀ ਮਾਲਟਨ ਨਾਲ ਸਾਂਝਾ ਗਾਇਆ ਹੈ, ਅੱਜ ਸ਼ਾਮ ਕਰੀਬ 5 ਵਜੇ ਰਿਲੀਜ਼ ਕੀਤਾ ਗਿਆ ਗੀਤ ਦੇ ਰਿਲੀਜ਼ ਹੋਣ ਤੋਂ ਪਹਿਲਾਂ ਕਰੀਬ ਸਾਢੇ 27 ਹਜ਼ਾਰ ਪ੍ਰਸ਼ੰਸਕਾਂ ਨੇ ਗੀਤ 'ਤੇ ਕੁਮੈਂਟ ਕੀਤਾ ਸੀ। ਇਸ ਵਾਰ ਗੀਤ ਸਿੱਧੂ ਮੂਸੇਵਾਲਾ ਦੇ ਕਰੀਬੀ ਸੰਨੀ ਮਾਲਟਨ ਦੇ ਨਿੱਜੀ ਪੇਜ ਤੋਂ ਰਿਲੀਜ਼ ਕੀਤਾ ਗਿਆ ਹੈ। ਗੀਤ ਦੀ ਸ਼ੁਰੂਆਤ ਸੰਨੀ ਮਾਲਟਨ ਦੇ ਰੈਪ ਨਾਲ ਹੋਈ ਅਤੇ ਰੈਪ ਵਿੱਚ ਸੰਨੀ ਮਾਲਟਨ ਸੈਮੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਰੈਪ ਕਰਦੇ ਨਜ਼ਰ ਆਏ। 2.06 ਸੈਕਿੰਡ ਬਾਅਦ ਸ਼ੁਰੂ ਹੋਇਆ ਸਿੱਧੂ ਮੂਸੇਵਾਲਾ ਦਾ ਰੈਪ। ਇਹ ਗੀਤ 3.51 ਮਿੰਟ ਦਾ ਹੈ ਅਤੇ ਗੀਤ ਨਿਰਧਾਰਿਤ ਸਮੇਂ ਤੋਂ ਕਰੀਬ 4 ਮਿੰਟ ਦੇਰੀ ਨਾਲ ਰਿਲੀਜ਼ ਹੋਇਆ। ਗੀਤ ਦੇ ਰਿਲੀਜ਼ ਹੋਣ ਤੋਂ 15 ਮਿੰਟ ਬਾਅਦ ਤੱਕ ਕਰੀਬ 39 ਹਜ਼ਾਰ ਕੁਮੈਂਟਸ ਅਤੇ 1.50 ਲੱਖ ਲੋਕ ਉਕਤ ਗੀਤ ਨੂੰ ਪਸੰਦ ਕਰ ਚੁੱਕੇ ਹਨ। ਇਸ ਦਾ ਟੀਜ਼ਰ ਸੰਨੀ ਮਾਲਟਨ ਦੇ ਯੂਟਿਊਬ ਪੇਜ 'ਤੇ ਰਿਲੀਜ਼ ਕੀਤਾ ਗਿਆ ਅਤੇ ਇਸ ਗੀਤ ਨੂੰ ਰੈਪਰ ਸੰਨੀ ਮਾਲਟਨ ਨੇ ਤਿਆਰ ਕੀਤਾ ਹੈ। ਜਾਣਕਾਰੀ ਅਨੁਸਾਰ ਜਿਵੇਂ ਹੀ ਇਹ ਗੀਤ ਰਿਲੀਜ਼ ਹੋਇਆ ਤਾਂ ਪ੍ਰਸ਼ੰਸਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਰਿਲੀਜ਼ ਤੋਂ ਪਹਿਲਾਂ ਹੀ 75 ਹਜ਼ਾਰ ਤੋਂ ਵੱਧ ਪ੍ਰਸ਼ੰਸਕ ਗੀਤ ਨੂੰ ਸੁਣਨ ਦਾ ਇੰਤਜ਼ਾਰ ਕਰ ਰਹੇ ਸਨ। ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ 'ਚ ਇਸ ਗੀਤ ਨੂੰ ਲੈ ਕੇ ਕਾਫੀ ਉਤਸ਼ਾਹ ਸੀ ਗੀਤ ਨੂੰ 4:10 ਦਾ ਨਾਂ ਦਿੱਤਾ ਗਿਆ ਹੈ। ਇਹੀ ਕਾਰਨ ਹੈ ਕਿ ਇਹ ਗੀਤ ਵੀ ਚੌਥੇ ਮਹੀਨੇ ਦੀ 10 ਤਰੀਕ ਨੂੰ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਦਾ ਪੋਸਟਰ ਰਿਲੀਜ਼ ਕਰਨ ਦੇ ਨਾਲ ਹੀ ਰੈਪਰ ਸੰਨੀ ਮਾਲਟਨ ਨੇ ਜਾਣਕਾਰੀ ਦਿੱਤੀ ਸੀ ਕਿ ਇਹ ਗੀਤ ਉਨ੍ਹਾਂ ਦੇ ਯੂਟਿਊਬ ਚੈਨਲ 'ਤੇ ਹੀ ਰਿਲੀਜ਼ ਕੀਤਾ ਜਾਵੇਗਾ




# 'ਕਾਰਬੋਹਾਈਡਰੇਟਸ' ਵਾਲੇ ਖਾਣੇ ਤੋਂ ਬਚਦਾ ਹਾਂ-ਦਿਲਜੀਤ

ਨਵੀਂ ਦਿੱਲੀ/ਮੁੰਬਈ: ਅਦਾਕਾਰ ਤੇ ਗਾਇਕ ਦਿਲਜੀਤ ਦੁਸਾਂਝ ਸੋਸ਼ਲ ਮੀਡੀਆ 'ਤੇ ਅਕਸਰ ਆਪਣੀ ਰਸੋਈ ਬਾਰੇ ਝਾਤ ਪਾਉਂਦੇ ਰਹਿੰਦੇ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਉਹ ਕਾਰਬੋਹਾਈਡਰੇਟ ਵਾਲਾ ਭੋਜਨ ਲੈਣ ਤੋਂ ਬਚਦੇ ਹਨ ਅਤੇ ਕਈ ਵਾਰ ਉਲਟਾ-ਸਿੱਧਾ ਭੋਜਨ ਖਾਣ ਮਗਰੋਂ ਉਨ੍ਹਾਂ ਨੂੰ 'ਪਛਤਾਵਾ' ਹੁੰਦਾ ਹੈ। ਉਨ੍ਹਾਂ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਅਜਿਹਾ ਵਿਅਕਤੀ ਹੈ ਜੋ ਚਮਚੇ ਨਾਲ ਭੋਜਨ ਖਾਣਾ ਪਸੰਦ ਕਰਦਾ ਹੈ। ਦਿਲਜੀਤ ਨੇ ਕਿਹਾ, "ਜੇ ਮੇਰੇ ਕੋਲ ਚਮਚਾ ਨਹੀਂ ਹੁੰਦਾ ਤਾਂ ਮੈਂ ਇੰਤਜ਼ਾਰ ਨਹੀਂ ਕਰ ਸਕਦਾ ਮੈਂ ਇਸ ਤੋਂ ਬਿਨਾਂ ਹੀ ਭੋਜਨ ਖਾਣਾ ਸ਼ੁਰੂ ਕਰ ਦਿੰਦਾ ਹਾਂ।" ਦਿਲਜੀਤ ਨੇ ਦੱਸਿਆ ਕਿ ਉਹ ਸਾਦਾ ਭੋਜਨ ਖਾਂਦਾ ਹੈ। ਹਾਲਾਂਕਿ, ਉਹ 'ਕਾਰਬੋਹਾਈਡਰੇਟ' ਵਾਲਾ ਭੋਜਨ ਲੈਣ ਤੋਂ ਬਚਦਾ ਹੈ ਅਤੇ ਚੌਲ ਨਹੀਂ ਖਾਂਦਾ। ਉਨ੍ਹਾਂ ਕਿਹਾ, "ਮੈਂ ਚੌਲ ਨਹੀਂ ਖਾਂਦਾ ਮੈਂ ਹਰ ਰੋਜ਼ ਦਾਲ ਖਾਂਦਾ ਹਾਂ ਕਾਰਬੋਹਾਈਡਰੇਟ ਲੈਣ ਤੋਂ ਬਚਦਾ ਹਾਂ ਇਹ ਮੈਂ ਸਵੇਰੇ ਨਾਸ਼ਤੇ ਵਿੱਚ ਲੈਂਦਾ ਹਾਂ ਅਤੇ ਫਿਰ ਪੂਰਾ ਦਿਨ ਇਸ ਤੋਂ ਦੂਰ ਰਹਿੰਦਾ ਹਾਂ ਕਈ ਵਾਰ ਮੈਨੂੰ ਚਾਰ-ਪੰਜ ਦਿਨਾਂ ਮਗਰੋਂ ਕੁੱਝ ਖਾਣ-ਪੀਣ ਦੀ ਇੱਛਾ ਹੁੰਦੀ ਹੈ। ਮੈਂ ਕਈ ਵਾਰ ਰਾਤ ਨੂੰ ਕੁੱਝ ਉਲਟਾ-ਸਿੱਧਾ ਵੀ ਖਾ ਲੈਂਦਾ ਹਾਂ ਜਿਸ ਕਰ ਕੇ ਅਗਲੇ ਦਿਨ ਪਛਤਾਉਣਾ ਪੈਂਦਾ ਹੈ।" ਜੇਕਰ ਕੰਮ ਦੀ ਗੱਲ ਕੀਤੀ ਜਾਵੇ ਤਾਂ ਦਿਲਜੀਤ ਦੀ 'ਅਮਰ ਸਿੰਘ ਚਮਕੀਲਾ' ਫਿਲਮ ਨੂੰ ਰਿਲੀਜ਼ ਕਰਨ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ। ਇਸ ਫਿਲਮ ਦੀ 8 ਅਪਰੈਲ ਨੂੰ ਸਕ੍ਰੀਨਿੰਗ ਕੀਤੀ ਗਈ ਹੈ। ਇਸ ਵਿੱਚ ਫਿਲਮ ਨਿਰਦੇਸ਼ਕ ਇਮਤਿਆਜ਼ ਅਲੀ, ਸ਼ਬਾਨਾ ਆਜ਼ਮੀ, ਮ੍ਰਿਣਾਲ ਠਾਕੁਰ, ਪ੍ਰਤੀਕ ਸਹਿਜਪਾਲ ਸਮੇਤ ਕਈ ਹੋਰ ਹਸਤੀਆਂ ਨੇ ਹਿੱਸਾ ਲਿਆ। ਦਿਲਜੀਤ ਨਾਲ ਇਸ ਫਿਲਮ ਵਿੱਚ ਪਰਿਨੀਤੀ ਚੋਪੜਾ ਵੀ ਮੁੱਖ ਭੂਮਿਕਾ ਵਿੱਚ ਹਨ।



# ਚਮਕੀਲੇ ਬਾਰੇ ਇਮਤਿਆਜ਼ ਦੇ ਨਜ਼ਰੀਏ ਤੋਂ ਕਾਇਲ-ਦਿਲਜੀਤ

ਮੁੰਬਈ: ਗਾਇਕ ਤੇ ਅਦਾਕਾਰ ਦਿਲਜੀਤ ਦੁਸਾਂਝ 'ਦਿ ਗਰੇਟ ਇੰਡੀਅਨ ਕਪਿਲ ਸ਼ੋਅ' ਦੇ ਅਗਾਮੀ ਐਪੀਸੋਡ ਵਿੱਚ ਨਜ਼ਰ ਆਉਣਗੇ। ਇਸ ਵਿੱਚ ਗੱਲਬਾਤ ਕਰਦਿਆਂ ਉਨ੍ਹਾਂ ਆਪਣੀ ਆਉਣ ਵਾਲੀ ਫਿਲਮ 'ਅਮਰ ਸਿੰਘ ਚਮਕੀਲਾ' ਬਾਰੇ ਭਾਵਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਸੋਚਦਾ ਸੀ ਕਿ ਉਹ ਕਿਉਂਕਿ ਪੰਜਾਬ ਤੋਂ ਹੈ, ਇਸ ਲਈ ਉਹ 'ਚਮਕੀਲਾ' ਨੂੰ ਚੰਗੀ ਤਰ੍ਹਾਂ ਸਮਝਦਾ ਤੇ ਜਾਣਦਾ ਹੋਵੇਗਾ। ਹਾਲਾਂਕਿ, ਦਿਲਜੀਤ ਨੇ ਕਿਹਾ ਕਿ ਫਿਲਮਸਾਜ਼ ਇਮਤਿਹਾਜ਼ ਦਾ ਨਜ਼ਰੀਆ ਸਮਝਣ ਮਗਰੋਂ ਉਹ ਪੂਰੀ ਤਰ੍ਹਾਂ ਉਸ ਦਾ ਕਾਇਲ ਹੋ ਗਿਆ। ਦਿਲਜੀਤ ਨੇ ਕਿਹਾ, "ਮੈਂ ਸੋਚਦਾ ਸੀ ਕਿ ਮੈਂ ਕਿਉਂਕਿ ਪੰਜਾਬ ਤੋਂ ਹਾਂ ਤੇ ਇਸ ਕਾਰਨ ਮੈਂ ਚਮਕੀਲੇ ਨੂੰ ਬਿਹਤਰ ਢੰਗ ਨਾਲ ਸਮਝਦਾ ਹਾਂ ਪਰ ਇਮਤਿਆਜ਼ ਨੂੰ ਮਿਲਣ ਮਗਰੋਂ ਮੈਂ ਉਸ ਅੱਗੇ ਆਤਮਸਮਰਪਣ ਕਰ ਦਿੱਤਾ।" ਉਨ੍ਹਾਂ ਕਿਹਾ, "ਜਿਸ ਤਰ੍ਹਾਂ ਉਹ ਖੜ੍ਹਦਾ ਸੀ, ਜਿਸ ਤਰ੍ਹਾਂ ਬੋਲਦਾ ਸੀ, ਜਿਸ ਤਰ੍ਹਾਂ ਪ੍ਰਤੀਕਿਰਿਆ ਜ਼ਾਹਿਰ ਕਰਦਾ ਸੀ ਅਤੇ ਇੱਥੋਂ ਤੱਕ ਕਿ ਜਿਸ ਤਰ੍ਹਾਂ ਉਹ ਸੋਚਦਾ ਸੀ, ਇਮਤਿਆਜ਼ ਨੇ ਚਮਕੀਲੇ 'ਤੇ ਪੂਰਾ ਅਧਿਐਨ ਕਰ ਕੇ ਪਤਾ ਲਾ ਲਿਆ ਸੀ।" 'ਅਮਰ ਸਿੰਘ ਚਮਕੀਲਾ' ਫਿਲਮ 12 ਅਪਰੈਲ ਨੂੰ ਨੈੱਟਫਲਿਕਸ 'ਤੇ ਰਿਲੀਜ਼ ਹੋ ਚੁੱਕੀ ਹੈ।











# FOR RENT




***Office/Warehouse***
***Corner Unit***
*around 500-2900*
*Square feet*
*available now for Rent*
*on a busy road.*
*Building includes office*
*rooms, three washrooms*
*and a kitchen.*




**Unit 101, 13463,**
**78 Avenue, Surrey,**
**Opposite ICBC Motor**
**Vehicle office**

















**For more information and inquiries call:**

## 604-767-5194




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ


ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਗੁਰਦੁਆਰੇ ਦੇ ਪ੍ਰਧਾਨ ਦੇ ਲੜਕੇ ਦੇ ਵਿਆਹ ਤੇ ਗੁਰੂ ਘਰ ਵਿਚ ਵਿਸਮਾਦਕ ਸਥਿੱਤੀ ਪੈਦਾ ਹੋ ਗਈ

**ਗੁਰਦੁਆਰੇ ਦੇ ਪ੍ਰਧਾਨ ਦੇ ਲੜਕੇ ਦੇ ਵਿਆਹ ਤੇ ਗੁਰੂ ਘਰ ਵਿਚ ਵਿਸਮਾਦਕ ਸਥਿੱਤੀ ਪੈਦਾ ਹੋ ਗਈ :-**

ਸਾਡੇ ਗੁਰਦੁਆਰੇ ਦੇ ਪ੍ਰਧਾਨ ਸ੍ਰ: ਮਲਕੀਅਤ ਸਿੰਘ ਜੀ ਵਿਰਦੀ ਜੋ ਕਿ ਅਤਿਅੰਤ ਹੀ ਸਾਊ ਪੁਰਸ਼ ਹਨ। ਉਨ੍ਹਾਂ ਤਿੰਨਾਂ ਭਰਾਵਾਂ ਦਾ ਪਿਆਰ ਵੀ ਅਨੂਠਾ ਸੀ। ਉਹ ਪਰਵਾਰ ਅੱਜ ਵੀ ਮੇਰੇ ਨਾਲ ਫੇਸ ਬੁੱਕ ਤੇ ਜੁੜੇ ਹੋਏ ਹਨ। ਮਹਿੰਦਰ ਸਿੰਘ, ਮਲਕੀਅਤ ਸਿੰਘ ਤੇ ਹਰਿਬੰਸ ਸਿੰਘ। ਪ੍ਰਧਾਨ ਸ੍ਰ: ਮਲਕੀਅਤ ਸਿੰਘ ਵਿਰਦੀ ਦੇ ਸਹੁਰਾ ਸਾਹਿਬ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਦਰਸ਼ਨ ਸਿੰਘ ਰਿਐਤ ਸਮਰਾਵਾਂ (ਜ਼ਿਲਾ ਜਲੰਧਰ) ਤੋਂ ਸਨ, ਉਹ ਵੀ ਆਪਣੇ ਸ਼ਹਿਰ ਟਾਂਗੇ ਗੁਰੂ ਘਰ ਦੇ ਪ੍ਰਧਾਨ ਸਨ। ਉਨ੍ਹਾਂ ਦੇ ਲੜਕੇ ਦਾ ਵਿਆਹ ਸੀ। ਮੈਨੂੰ ਵੀ ਉਹ ਨਾਲ ਲੈਕੇ ਗਏ ਸਨ। ਡਾ: ਨੇਕੀ ਸਾਹਿਬ ਵੀ ਨਾਲ ਸਨ। ਸਾਨੂੰ ਇਕ ਸ਼ਾਨਦਾਰ ਹੋਟਲ ਵਿਚ ਠਹਿਰਾਇਆ ਗਿਆ। ਸਵੇਰ ਨੂੰ ਅਸੀ ਸਾਰੇ ਅਨੰਦ ਕਾਰਜ ਵਾਸਤੇ ਗੁਰਦੁਆਰੇ ਪੁੱਜੇ। ਕੀਰਤਨ ਹੋ ਰਿਹਾ ਸੀ। ਇਕ ਸਿੰਘ ਪਾਲਕੀ ਦੇ ਪਿਛੇ ਖੜ੍ਹਾ ਚੌਰ ਕਰ ਰਿਹਾ ਸੀ। ਜਦੋਂ ਲੜਕੀ ਵਾਲੇ ਵੀ ਆ ਗਏ ਤਾਂ ਸੈਕਟਰੀ ਸਾਹਿਬ ਨੇ ਸਟੇਜ ਸੰਭਾਲੀ ਤੇ ਦੱਸਿਆ ਕਿ ਦਾਰਾਸਲਾਮ ਤੋਂ ਗਿਆਨੀ ਕੇਵਲ ਸਿੰਘ ਜੀ ਨਿਰਦੋਸ਼ ਆਏ ਹੋਏ ਹਨ। ਅਸੀਂ ਉਨ੍ਹਾਂ ਨੂੰ ਜੀਉ ਆਇਆਂ ਆਖਦੇ ਹਾਂ। ਮੈਂ ਗਿਆਨੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਪਾਉਣ। ਉਪਰੰਤ ਅਨੰਦ ਕਾਰਜ ਦੀ ਰਸਮ ਅਦਾ ਕੀਤੀ ਜਾਵੇਗੀ। ਮੈਂ ਪਜਿ ਇਸ਼ਨਾਨਾ ਕਰਕੇ ਗੁਰੂ ਮਹਾਰਾਜ ਦੀ ਤਾਬਿਆ ਜੋਂਜ ਗਿਆ। ਜਿਉਂ ਹੀ ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥ ਬੋਲਦਿਆਂ ਰੁਮਾਲਾ ਉਪਰ ਉਠਾਇਆ ਤਾਂ ਗਰੁ ਗਰੰਥ ਸਾਹਿਬ ਜੀ ਹੀ ਨਾ। ਕਿਸੇ ਨੇ ਪ੍ਰਕਾਸ਼ ਨਾ ਕੀਤਾ। ਗੱਦੀਆਂ ਦੇ ਉੱਤੋਂ ਦੀ ਪੀੜ੍ਹਾ ਸਾਹਿਬ ਤੇ ਰੁਮਾਲਾ ਦਿੱਤਾ ਹੋਇਆ ਸੀ। ਸੰਗਤ ਆਰੇ ਸਜਦੀ ਗਈ। ਚੌਰ ਕਰਨ ਵਾਲਾ ਸਿੰਘ ਚੌਰ ਕਰੀ ਗਿਆ। ਦੇਖਿਆ ਕਿਸੇ ਨੇ ਵੀ ਨਾ। ਸ਼ਰਮਨਾਕ ਗੱਲ ਤੇ ਵੀ ਦੁਨੀਆਂ ਹੱਸ ਰਹੀ ਸੀ। ਫਿਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਤੇ ਭੋਗ ਪਾਕੇ ਅਨੰਦ ਕਾਰਜ ਹੋਏ। ਜਿਸ ਗੁਰਦੁਆਰੇ ਪੱਕਾ ਗਰੰਥੀ ਨਾ ਹੋਵੇ ਉਥੇ ਅਜੇਹਾ ਹੋ ਜਾਣਾ ਸੁਭਾਵਕ ਹੈ। ਇਹ ਘਟਨਾ ਮੇਰੇ ਚੇਤਿਆਂ ਵਿਚੋਂ ਵਿਸਰ ਚੁੱਕੀ ਸੀ। ਪਿਛਲੇ ਸਾਲ ਇੰਗਲੈਂਡ ਤੋਂ ਭੰਗਲ ਪਰਿਵਾਰ ਕਰਤਾਰ ਸਿੰਘ ਭੋਂਗਲ ਤੇ ਭੈਣ ਗੁਰਮੇਜ ਕੌਰ ਮੈਨੂੰ ਮਿਲਣ ਸਰੀ ਆਏ। ਉਥੇ ਅਚਾਨਕ ਇਹ ਗੱਲ ਉਨ੍ਹਾਂ ਕੀਤੀ ਤਾ ਸਾਰਾ ਦ੍ਰਿਸ਼ ਅੱਖਾਂ ਅੱਗੇ ਘੁੰਮ ਗਿਆ। ਉਸੇ ਦਿਨ ਸ਼ਾਮ ਨੂੰ ਹਵਾਈ ਜਹਾਜ਼ ਰਾਹੀਂ ਅਸੀਂ ਵਾਪਸ ਦਾਰਾਸਲਾਮ ਆ ਗਏ। ਇਸ ਵਾਰ ਦੂਸਰੇ ਕੰਟੈਕਟ ਵਿਚ ਮੈਂ ਇਕੱਲਾ ਆਇਆ ਸਾਂ।ਖੇਤੀ ਬਾੜੀ ਦਾ ਧੰਦਾ ਹੋਣ ਕਰਕੇ ਬਾਪੂ ਜੀ ਚਾਹੁੰਦੇ ਸਨ ਕਿ ਨਿਆਣੇ ਉਨ੍ਹਾਂ ਦੇ ਕੋਲ ਰਹਿਣ। ਕੁਰਕਸ਼ੇਤਰ ਵਿਚ ਸਾਡਾ ਕਿਹੜਾ ਕੋਈ ਭਾਈਚਾਰਾ ਸੀ। ਬਾਹਰ ਫਾਰਮ ਤੇ ਹੀ ਘਰ ਸੀ। ਮਾਤਾ ਜੀ ਵੀ ਚੜ੍ਹਾਈ ਕਰ ਚੁੱਕੇ ਸਨ। ਔਰਤ ਤੋਂ ਬਗੈਰ ਘਰ- ਘਰ ਨਹੀਂ ਰਹਿੰਦਾ। ਪਰ ਪਰਦੇਸ ਵਿਚ ਵੀ ਬਗੈਰ ਪਰਵਾਰ ਤੋਂ ਰਹਿਣਾ ਬਹੁਤ ਔਖਾ ਹੈ। ਮੈਂ ਵੀ ਡਾਵਾਂ ਡੋਲ ਹੀ ਰਹਿੰਦਾ ਸਾਂ। ਉਪਰੋਂ ਇਹ ਪੱਥਰੀਆਂ ਦੀ ਤਕਲੀਫ। ਭਲਾ ਹੋਵੇ ਸਵਰਗਵਾਸੀ ਡਾ: ਜਸਵੰਤ ਸਿੰਘ ਜੀ ਨੇਕੀ ਦਾ ਜਿਨ੍ਹਾਂ ਮੈਡੀਕਲ ਗਰਾਊਂਡ ਤੇ ਤਨਜ਼ਾਨੀਆ ਸਰਕਾਰ ਤੋਂ ਮੇਰੇ ਇਲਾਜ ਲਈ ਛੇ ਹਜ਼ਾਰ ਪੌਂਡ ਮਨਜ਼ੂਰ ਕਰਵਾਇਆ ਇਸ ਵਿਚੋਂ ਇਕ ਵੀ ਪੈਸਾ ਮੇਰੀ ਜੇਬ ਵਿਚੋਂ ਨਹੀਂ ਗਿਆ। ਸਾਰੀ ਸੇਵਾ ਸਿੱਖ ਸੰਗਤ ਨੇ ਕੀਤੀ। ਇਕ ਲੱਖ ਸ਼ਲਿੰਗ ਦੀ ਜ਼ਰੂਰਤ ਸੀ।



ਨੇ ਇੰਗਲੈਂਡ ਜਾਂ ਅਮਰੀਕਾ। ਉਨ੍ਹਾਂ ਮੈਨੂੰ ਪੁੱਛਿਆ ਤੁਸੀਂ ਕਿਹੜੇ ਮੁਲਕ ਇਲਾਜ ਕਰਵਾਉਣਾ ਹੈ ਤਾਂ ਮੈ ਸੋਚਕੇ ਇੰਗਲੈਂਡ ਕਹਿ ਦਿੱਤਾ। ਉਸਦਾ ਕਾਰਨ ਸੀ ਕਿ ਇੰਗਲੈਂਡ 'ਸਲੋਹ' ਮੇਰੇ ਸਹੁਰੇ ਰਹਿੰਦੇ ਸਨ ਤੇ ਰਿਹਾਇਸ਼ ਔਰ ਦੇਖਭਾਲ ਲਈ ਇਹ ਥਾਂ ਠੀਕ ਹੈ।

ਅਮਰੀਕਾ ਵਿਚ ਉਦੋਂ ਮੇਰਾ ਕੋਈ ਖਾਸ ਜਾਣੂ ਜਾ ਰਿਸ਼ਤੇਦਾਰ ਨਹੀਂ ਸੀ। ਸੋ ਇਲਾਜ ਤੇ ਅਪਰੇਸ਼ਨ ਲਈ ਲੰਡਨ ਦੇ ਪ੍ਰਸਿੱਧ ਹੈਮਿਰ ਸਮਿੱਥ ਹਸਪਤਾਲ ਦੇ ਡਾਕਟਰਾਂ ਨਾਲ ਚਿੱਠੀ ਪੱਤਰ ਕਰਕੇ ਇੰਗਲੈਂਡ ਜਾਣ ਦੀ ਤਿਆਰੀ ਕਰ ਲਈ। ਭਾਵੇਂ ਉਥੇ ਡਰਬੀ ਮੇਰੀ ਵੱਡੀ ਭੈਣ ਮਹਿੰਦਰ ਕੌਰ ਜੌਹਲ ਰਹਿੰਦੀ ਸੀ ਪਰ ਉਹ ਲੰਡਨ ਤੋਂ ਚਾਰ ਘੰਟੇ ਦੀ ਡਰਾਈਵ ਤੇ ਸੀ। ਸੋ ਮੈਂ ਆਪਣੇ ਸਾਲੇ



ਦੋ ਲੱਖ ਸੰਗਤ ਨੇ ਇਕ ਹੀ ਐਤਵਾਰ ਵਾਲੇ ਦਿਨ ਇਕੱਠਾ ਕਰ ਦਿੱਤਾ। ਪਰ ਮੈਂ ਇਕ ਲੱਖ ਸ਼ਲਿੰਗ ਹੀ ਲਿਆ ਤੇ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਕਿ ਬਾਕੀ ਬੱਚਿਆ ਪੈਸਾ ਕਿਸੇ ਹੋਰ ਲੋੜ ਵੰਦ ਨੂੰ ਦੇ ਦਿੱਤਾ ਜਾਵੇ। ਡਾਕਟਰ ਨੇਕੀ ਸਾਹਿਬ ਨੇ ਦੱਸਿਆ ਕਿ ਸਰਜੀਕਲ ਅਪਰੇਸ਼ਨ ਲਈ ਦੋ ਮੁਲਕਾਂ ਦੇ ਹਸਪਤਾਲ ਹੀ ਵਧੀਆਂ

ਪਵਿੱਤਰ ਸਿੰਘ ਸੰਘੇੜਾ ਕੋਲ ਆ ਗਿਆ ਹਵਾਈ ਜਹਾਜ਼ ਦੀ ਟਿਕਟ ਦਾ ਖਰਚ ਕੱਢਕੇ ਮੇਰੇ ਕੋਲ ਲਗ ਭਗ ਸਾਢੇ ਚਾਰ ਕੁ ਹਜ਼ਾਰ ਪੌਂਡ ਬਚਿਆ ਜੋ ਤਨਜ਼ਾਨੀਆਂ ਸਰਕਾਰ ਨੇ ਮੈਨੂੰ ਨਹੀਂ ਦਿੱਤਾ ਸਗੋਂ ਆਪਣੇ ਹਾਈ ਕਮਿਸ਼ਨਰ ਨੂੰ ਭੇਜ ਦਿੱਤਾ। ਜਿਨ੍ਹਾਂ ਨੇ ਪਹਿਲੀ ਕਿਸ਼ਤ ਤਿੰਨ ਹਜ਼ਾਰ ਪੌਂਡ ਹੈਮਰ ਸਮਿੱਥ ਹਸਪਤਾਲ ਨੂੰ ਜਾਰੀ ਕਰ ਦਿੱਤੀ।

ਇੱਥੇ ਮੈਂ ਜੇ ਹਰਜਿੰਦਰ ਕੌਰ ਭੋਂਠਾ ਦਾ ਜ਼ਿਕਰ ਨਾ ਕਰਾਂ ਤਾਂ ਭਾਰੀ ਬੇ- ਇਨਸਾਫ਼ੀ ਹੋਵੇਗੀ। ਮੇਰੀ ਧਰਮ ਪਤਨੀ ਦਾ ਭਰਾ ਪਵਿੱਤਰ ਸਿੰਘ ਸੰਘੇੜਾ ਰਾਣੀਪੁਰ (ਫਗਵਾੜੇ ਦੇ ਕੋਲ) ਵਿਆਹਿਆ ਹੋਇਆ ਹੈ। ਬਾਦ ਵਿਚ 1994 ਵਿਚ ਮੇਰਾ ਛੋਟਾ ਲੜਕਾ ਕੁਲਦੀਪ ਸਿੰਘ ਦੁਸਾਂਝ ਵੀ ਉਸੇ ਘਰ ਵਿਚ ਵਿਆਹਿਆ ਗਿਆ। ਵੱਡਾ ਲੜਕਾ ਸਰਬਜੀਤ ਸਿੰਘ ਦੁਸਾਂਝ ਤਾਂ ਪਹਿਲਾਂ ਹੀ ਸੌਂਕੜਾ ਜ਼ਿਲ੍ਹਾਂ ਕਰਨਾਲ ਵਿਚ ਸ੍ਰ: ਅਜੀਤ ਸਿੰਘ ਸਰਪੰਚ ਦੀ ਲੜਕੀ ਇਕਬਾਲਦੀਪ ਕੌਰ ਨਾਲ ਵਿਆਹਿਆ ਹੋਇਆ ਸੀ। ਜਦੋਂ ਮੈਂ ਅਪਰੇਸ਼ਨ ਕਰਵਾਣ ਅਕਤੂਬਰ ਦੇ ਪਹਿਲੇ ਹਫਤੇ ਸਲੋਹ ਪੁੱਜਾ ਤਾਂ ਮੇਰੀ ਬਣਨ ਵਾਲੀ ਨੂੰਹ ਰਾਣੀ ਨਵਦੀਪ ਕੌਰ ਦੀ ਚਾਚੀ ਮੈਨੂੰ ਕਈ ਦਿਨ ਸਲੋਹ ਤੋਂ ਲੰਡਨ ਦੇ ਹਸਪਤਾਲ ਹੈਮਰ ਸਮਿੱਥ ਲੈਕੇ ਜਾਂਦੀ ਰਹੀ। ਹਾਲਾਂ ਕਿ ਉਸਨੂੰ ਪਹਿਲਾ ਬਾਲ ਹੋਣ ਵਾਲਾ ਸੀ। ਕਦੇ ਉਸਨੇ ਮੱਥੇ ਵੱਟ ਨਹੀਂ ਸੀ ਪਾਇਆ ਤੇ ਹਮੇਸ਼ਾ ਹੱਸਦੀ ਨੇ ਲੈਕੇ ਜਾਣਾ ਤੇ ਚੈਕ ਕਰਵਾਕੇ ਟੈਸਟ ਕਰਵਾਕੇ ਵਾਪਸ ਲਿਆਉਣਾ। ਪੱਥਰੀਆਂ ਮੇਰੇ ਬਲੈਡਰ ਵਿਚ ਸਨ। ਪਹਿਲਾਂ ਉਨ੍ਹਾਂ ਬਗੈਰ ਅਪਰੇਸ਼ਨ ਤੋਂ ਐਕਸਰੇ ਕਿਰਨਾਂ ਦੁਆਰਾ ਭੰਨਣ ਦਾ ਯਤਨ ਕੀਤਾ ਪਰ ਅਸਫ਼ਲ ਰਹੇ। ਫਿਰ ਜਿਸ ਦਿਨ ਮੇਰਾ ਅਪਰੇਸ਼ਨ ਸੀ 26 ਅਕਤੂਬਰ 1985 ਨੂੰ ਤਾਂ ਮੇਰੀ ਸਵੌਰਗਵਾਸੀ ਪਤਨੀ ਦੀ ਭਤੀਜੀ ਭੁਪਿੰਦਰ ਮੇਰੇ ਕੋਲ ਉਥੇ ਸੀ। ਕਿਉਂਕਿ ਮੇਰੀ

ਅੰਗਰੇਜ਼ੀ ਏਨੀ ਨਹੀਂ ਸੀ ਕਿ ਮੈਂ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਦਾ। ਜਦੋਂ ਮੈਨੂੰ ਅਪਰੇਸ਼ਨ ਥੀਏਟਰ ਵਿਚ ਲੈ ਗਏ ਤਾਂ ਮੈਂ ਉਸੇ ਵੇਲੇ ਆਪਣੇ ਮਨ ਵਿਚੋਂ ਸਭ ਦੁਨਿਆਵੀ ਰਿਸ਼ਤੇ ਖਤਮ ਕਰਕੇ ਸਿਰਫ਼ ਇਕ ਸ਼ਬਦ ਨੂੰ ਹਿਰਦੇ ਵਿਚ ਵਸਾਕੇ,

ਆਸਾ ਘਰੁ ੭ ਮਹਲਾ ੫ ॥

ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਂਈ ॥੧॥ ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥੧॥ ਰਹਾਉ॥ ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥ ਦਾ ਸਿਮਰਨ ਕਰਨ ਲਗ ਪਿਆ। ਜਦੋਂ ਮੈਨੂੰ ਬੇਹੋਸ਼ ਕੀਤਾ ਗਿਆ ਤਾਂ ਇਨ੍ਹਾਂ ਪੰਕਤੀਆਂ ਦਾ ਪਾਠ ਹੀ ਮੇਰੀ ਸਿਮਰਤੀ ਵਿਚ ਚਲ ਰਿਹਾ ਸੀ। ਅਪਰੇਸ਼ਨ ਕੁਝ ਲੰਮਾ ਹੋ ਗਿਆ ਤਾਂ ਮੈਨੂੰ ਅੱਧ ਹੋਸ਼ ਜਿਹੀ ਆ ਗਈ। ਮੈਂ ਤੇ ਪਾਠ ਕਰ ਰਿਹਾ ਸਾਂ ਪਰ ਡਾਕਟਰ ਵਿਲਸਨ ਤੇ ਉਸਦੇ ਸਾਥੀਆਂ ਸਮਝਿਆ ਕਿ ਮੈਂ ਕੁਝ ਮੰਗ ਰਿਹਾ ਹਾਂ। ਉਨ੍ਹਾਂ ਉਸੇ ਵੇਲੇ ਮੇਰੀ ਰਿਸ਼ਤੇਦਾਰ ਲੜਕੀ ਭਿੰਦੇ ਨੂੰ ਅੰਦਰ ਬੁਲਾ ਲਿਆ ਕਿ ਕੀ ਕਹਿ ਰਿਹਾ ਹੈ। ਉਸ 15-16 ਸਾਲ ਦੀ ਬੱਚੀ ਨੇ ਪਹਿਲੀ ਵਾਰੀ ਇੰਨਾ ਖੂਨ ਵਹਿੰਦਾ ਤੱਕਿਆ ਸੀ ਉਹ ਦੇਖਕੇ ਹੀ ਬੇ-ਹੋਸ਼ ਹੋ ਗਈ। ਜਦੋਂ ਹੋਸ਼ 'ਚ ਲਿਆਕੇ ਉਸਨੂੰ ਪੁੱਛਿਆ ਕਿ ਕੀ ਬੋਲ ਰਹੇ ਸੀ। ਉਸਨੇ ਦੱਸਿਆ ਕਿ ਉਹ ਫੁੱਫੜ ਜੀ ਪਾਠ ਕਰਦੇ ਸੀ। ਮੁੜ ਕੇ ਉਹ ਕੁੜੀ ਮੈਨੂੰ ਹਸਪਤਾਲ ਵੇਖਣ ਨਹੀਂ ਆਈ। ਕਹਿੰਦੀ ਜਦੋਂ ਫੁੱਫੜ ਜੀ ਘਰ ਔਣਗੇ ਉਦੋਂ ਹੀ ਦੇਖਣ ਜਾਊਗੀ।

**ਚਲਦਾ....**


52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਦਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ।ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ।ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸੰਪਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਸੈਣੀ ਸਿੱਖ ਪਰਿਵਾਰ ਦਾ ਲੜਕਾ ਉਮਰ 31 ਸਾਲ, ਕੱਦ 5'11", ਕਨੇਡੀਅਨ ਪੀ. ਆਰ., ਨਸ਼ਿਆਂ ਤੋਂ ਰਹਿਤ ਵਾਸਤੇ ਯੋਗ ਲੜਕੀ ਦੀ ਲੋੜ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।ਫੋਨ: 604-440-2691, ਈਮੇਲ - hardeepkaur917@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ।ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

****************

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ, ਕਲੇਰ ਲੜਕਾ, ਕਲੀਨ ਸੇਵਨ, ਉਮਰ 36 ਸਾਲ, ਕੱਦ 5'10", ਬੈਚਲਰ ਡਿਗਰੀ ਹੋਲਡਰ, ਗੌਰਮਿੰਟ ਜੌਬ, ਵੈਲ ਸੈਟਲਡ, ਲਈ ਕਨੇਡੀਅਨ ਸਿਟੀਜ਼ਨ, ਵਰਕ ਪਰਮਿਟ, ਪੀਆਰ, ਪਰਿਵਾਰਿਕ ਪੜ੍ਹੀ ਲਿਖੀ, ਸੋਹਣੀ, ਸੁਸ਼ੀਲ ਲੜਕੀ ਦੀ ਲੋੜ ਹੈ। ਤਾਜ਼ਾ ਫੋਟੋ ਅਤੇ ਬਾਇਓਡਾਟਾ ਵਟਸਐਪ ਨੰਬਰ 604-808-9070 ਤੇ ਭੇਜਣਾ ਜੀ।

## ਸੂਚਨਾ

ਮੇਰਾ ਨਾਮ ਕੁਲਦੀਪ ਮੰਡੇਰ ਹੈ ਸਾਡੇ ਇੱਕ ਕਿਰਾਏਦਾਰ ਨੇ ਆਪਣੀ ਕਾਰ ਮੇਰੀ ਜਾਇਦਾਦ 12666-114th ave Surrey B.C. V3V-3N9 ਨਵੰਬਰ 2020 ਨੂੰ ਖੜੀ ਕਰਕੇ ਅਤੇ ਅਪ੍ਰੈਲ 2021 ਵਿੱਚ ਛੱਡ ਕੇ ਚਲਾ ਗਿਆ। ਇਹ ਵਾਈਟ ਕਲਰ 2015 ਹੌਂਡਾ ਸਿਵਿਕ ਹੈ। VIN ਨੰਬਰ VIN-2HGFB2F56FH001467 ਹੈ। ਜੇਕਰ ਕਿਸੇ ਨੂੰ ਇਸ ਕਾਰ ਦੀ ਕੋਈ ਜਾਣਕਾਰੀ ਹੈ। ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ
778-861-3643

## MATRIMONIALS

### ਲੜਕੇ ਦੀ ਲੋੜ

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੋਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੋਰਗੇਜ ਅਬਰਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਡੈਂਕਲੋਰ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁੰਦਰ, ਸੋਹਣ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਨੂੰ) ਜਾਂ ਸਿਟਿਜ਼ਨ ਲੜਕੀ ਦੀ ਲੋੜ।
ਸੰਪੰਰਕ:-778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ।
ਸੰਪਰਕ: 604-809-3121

****************

### ਦਸਤਾਰਧਾਰੀ ਲੜਕੇ ਦੀ ਲੋੜ

ਵਧੀਆ ਜੌਬ ਕਰ ਰਹੀ ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਲੜਕੀ, ਉਮਰ 29 ਸਾਲ, ਕੱਦ 5' 3" ਲਈ ਦਸਤਾਰਧਾਰੀ ਵਰ ਦੀ ਲੋੜ ਹੈ। ਲੜਕਾ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵੈਜੀਟੇਰੀਅਨ, ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ., ਸਿਰਫ ਵੈਨਕੂਵਰ ਲੋਅਰ ਮੇਨਲੈਂਡ ਵਿਚ ਰਹਿਣ ਵਾਲਾ ਹੋਵੇ। ਸਿਰਫ ਵਿਦਿਆਰਥੀ ਅਤੇ ਵਿਜ਼ਟਰ ਕਾਲ ਨਾ ਕਰਨ। ਸੰਪਰਕ ਨੰਬਰ: 604 800 8409

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਜੋਗਾਰਾ ਫਰਕ ਬੀਮ ਦੇ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜ਼ੁਰਬਾ, ਗੁਡ ਜੀਜੀ, ਕੈਨੇਡਾ ਵਿਚ ਵਿਜ਼ਟਰ ਵੀਜ਼ੇ ਉੱਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.
**Full Time Hiring Workers**
Construction painter supervisor (2)
Insulator (2)
Painter (3)
Email: galaxyinsulationdrywall@gmail.com
Phone: 604-366-6000
www.gidl.ca

### ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
ਸੰਪਰਕ ਕਰੋ:- 7783210986

Exp. 5 Jan

### ਵਰ ਦੀ ਲੋੜ

ਵੈਨਕੂਵਰ ਰਹਿ ਰਹੀ ਸੁਹਣੀ ਸੁਨੱਖੀ, ਜੱਟ ਸਿੱਖ ਪਰਿਵਾਰਕ, ਮਿਹਨਤੀ ਲੜਕੀ, ਉਮਰ 26 ਸਾਲ, ਕੱਦ 5'5", ਬੀ.ਟੈੱਕ ਕੰਪਿਊਟਰ ਸਾਇੰਸ, ਨੈਨੀ ਦੀ ਪੀ.ਆਰ. ਫਾਈਲ ਲੱਗੀ ਹੋਈ ਹੈ, ਲਈ ਜੱਟ ਸਿੱਖ ਵਰ ਦੀ ਲੋੜ ਹੈ। ਸੰਪਰਕ- 778-710-9766

28 Jan-5

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389



# ਦਾਤੀ ਨੂੰ ਲਵਾ ਦੇ ਘੁੰਗਰੂ

ਜੱਗਾ ਸਿੰਘ ਆਦਮਕੇ

ਖੇਤੀਬਾੜੀ ਮੁੱਢ ਕਦੀਮ ਤੋਂ ਮਨੁੱਖੀ ਖ਼ੁਰਾਕ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀ ਰਹੀ ਹੈ। ਜਿਵੇਂ ਜਿਵੇਂ ਮਨੁੱਖ ਵਿਕਸਤ ਹੁੰਦਾ ਗਿਆ, ਉਵੇਂ ਉਵੇਂ ਮਨੁੱਖ ਦੀ ਖੇਤੀਬਾੜੀ 'ਤੇ ਨਿਰਭਰਤਾ ਵਧਦੀ ਗਈ। ਜਿੱਥੇ ਪਹਿਲਾਂ ਇਸ ਦਾ ਉਦੇਸ਼ ਮਨੁੱਖੀ ਭੋਜਨ ਦੀਆਂ ਲੋੜਾਂ ਦੀ ਪੂਰਤੀ ਕਰਨਾ ਸੀ, ਉੱਥੇ ਸਮੇਂ ਨਾਲ ਇਹ ਉਸ ਦੀਆਂ ਆਰਥਿਕ ਜ਼ਰੂਰਤਾਂ ਦੀ ਪੂਰਤੀ ਦਾ ਹਿੱਸਾ ਬਣਦੀ ਗਈ। ਅਜਿਹਾ ਹੋਣ ਕਾਰਨ ਬਹੁਤ ਸਾਰੀਆਂ ਫ਼ਸਲਾਂ ਦਾ ਮਨੁੱਖੀ ਜੀਵਨ ਵਿੱਚ ਬਹੁਪੱਖੀ ਮਹੱਤਵ ਹੋਣ ਕਾਰਨ ਇਹ ਪੰਜਾਬੀ ਸੱਭਿਆਚਾਰ ਵਿੱਚ ਵੀ ਵਿਸ਼ੇਸ਼ ਪਛਾਣ ਰੱਖਦੀਆਂ ਹਨ। ਇਹ ਫ਼ਸਲਾਂ ਪੰਜਾਬੀ ਲੋਕ ਗੀਤਾਂ, ਟੱਪਿਆਂ, ਬੋਲੀਆਂ ਵਿੱਚ ਵੱਖ ਵੱਖ ਰੂਪਾਂ ਵਿੱਚ ਚਿਤਰੀਆਂ ਮਿਲਦੀਆਂ ਹਨ। ਪੰਜਾਬ ਵਿੱਚ ਹੁੰਦੀਆਂ ਇਨ੍ਹਾਂ ਫ਼ਸਲਾਂ ਵਿੱਚੋਂ ਕਣਕ ਪ੍ਰਮੁੱਖ ਹੈ।

ਕਣਕ ਪੰਜਾਬੀਆਂ ਦੀ ਖ਼ੁਰਾਕ ਦਾ ਹਿੱਸਾ ਹੋਣ ਦੇ ਨਾਲ ਨਾਲ ਬਹੁਪੱਖੀ ਮਹੱਤਵ ਦੀ ਧਾਰਨੀ ਹੈ। ਕਣਕ ਕਿੱਥੋਂ ਦੀ ਮੂਲ ਫ਼ਸਲ ਹੈ, ਇਹ ਅਜੇ ਵੀ ਬੁਝਾਰਤ ਹੈ। ਇਸ ਸਬੰਧੀ ਵੱਖ ਵੱਖ ਤਰ੍ਹਾਂ ਦੀਆਂ ਦੰਦ ਕਥਾਵਾਂ ਪ੍ਰਸਿੱਧ ਹਨ ਪ੍ਰੰਤੂ ਇਸ ਦਾ ਇਤਿਹਾਸ ਕਾਫ਼ੀ ਪੁਰਾਤਨ ਹੈ। ਵੱਖ ਵੱਖ ਪੁਰਾਤਨ ਸੱਭਿਆਤਾਵਾਂ ਦੇ ਮਿਲੇ ਅਵਸ਼ੇਸ਼ਾਂ ਵਿੱਚੋਂ ਕਣਕ ਦੀ ਫ਼ਸਲ ਦੀ ਪੈਦਾਵਾਰ ਕਰਨ ਸਬੰਧੀ ਜਾਣਕਾਰੀਆਂ ਮਿਲਦੀਆਂ ਹਨ। ਅਸਲ ਵਿੱਚ ਆਰੰਭ ਵਿੱਚ ਹੋਰਨਾਂ ਫ਼ਸਲਾਂ ਵਾਂਗ ਇਹ ਵੀ ਇੱਕ ਜੰਗਲੀ ਘਾਹ ਸੀ। ਅਜਿਹਾ ਮੰਨਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਮਿਸਰ ਦੇ ਲੋਕ ਕਣਕ ਸਬੰਧੀ ਜਾਣਕਾਰੀ ਰੱਖਦੇ ਸਨ। ਸਿੰਧ ਘਾਟੀ ਦੀ ਸੱਭਿਅਤਾ ਦੇ ਲੋਕਾਂ ਦੇ ਕਣਕ ਤੋਂ ਵਾਕਿਫ਼ ਹੋਣ ਸਬੰਧੀ ਪ੍ਰਮਾਣ ਮਿਲਦੇ ਹਨ। ਮੰਨਿਆ ਜਾਂਦਾ ਹੈ ਕਿ ਏਸ਼ੀਆ ਖਿੱਤੇ ਵਿੱਚ ਸਭ ਤੋਂ ਪਹਿਲਾਂ ਚੀਨ ਵਿੱਚ ਕਣਕ ਦੀ ਪੈਦਾਵਾਰ ਕੀਤੀ ਜਾਣ ਲੱਗੀ ਅਤੇ ਫਿਰ ਇਹ ਪੰਜਾਬ ਸਮੇਤ ਏਸ਼ੀਆ ਦੇ ਦੂਸਰੇ ਖਿੱਤਿਆਂ ਵਿੱਚ ਪੈਦਾ ਕੀਤੀ ਜਾਣ ਲੱਗੀ।

ਕਣਕ ਪੰਜਾਬ ਦੀ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੋਣ ਕਾਰਨ ਇਸ ਦਾ ਬਹੁਪੱਖੀ ਮਹੱਤਵ ਹੈ। ਅਜਿਹਾ ਹੋਣ ਕਾਰਨ ਪੰਜਾਬੀ ਕਿਸਾਨੀ ਦੇ ਬਹੁਤ ਸਾਰੇ ਪੱਖ ਕਣਕ ਦੇ ਆਸ ਪਾਸ ਘੁੰਮਦੇ ਹਨ। ਫ਼ਸਲਾਂ ਨਾਲ ਕਿਸਾਨ ਦਾ ਮੋਹ ਜਿਹਾ ਹੋਣਾ ਲਾਜ਼ਮੀ ਹੈ। ਅਜਿਹਾ ਹੋਣ ਕਾਰਨ ਉਸ ਨੂੰ ਫ਼ਸਲਾਂ ਵਿੱਚ ਜੀਵਨ, ਸਰੀਰਕ ਵਿਕਾਸ ਅਤੇ ਉਨ੍ਹਾਂ 'ਤੇ ਜਵਾਨੀ ਆਉਂਦੀ ਪ੍ਰਤੀਤ ਹੁੰਦੀ ਹੈ। ਕਣਕ ਰਾਹੀਂ ਅਜਿਹੇ ਪੱਖ ਨੂੰ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਪ੍ਰਗਟ ਕੀਤਾ ਮਿਲਦਾ ਹੈ:

**ਗੱਭਰੂ ਹੋ ਗਈਆਂ ਕਣਕਾਂ, ਵੱਢਣੀ ਜੌਂ 'ਤੇ ਜਵਾਨੀ ਆਈ।**

ਕਣਕ ਦਾ ਪੰਜਾਬੀ ਕਿਸਾਨੀ ਜੀਵਨ ਵਿੱਚ ਮਹੱਤਵ ਹੋਣ ਕਾਰਨ ਇਹ ਉਨ੍ਹਾਂ ਦੇ ਜੀਵਨ ਦੇ ਵੱਖ ਵੱਖ ਪੱਖਾਂ ਦੀ ਤਰਜਮਾਨੀ ਕਰਦੀ ਹੈ। ਉਸ ਦੇ ਦੁੱਖਾਂ ਸੁੱਖਾਂ ਦੇ ਪ੍ਰਗਟਾਵੇ ਦਾ ਜ਼ਰੀਆ ਬਣਦੀ ਹੈ। ਅਜਿਹਾ ਕੁਝ ਹੀ ਆਪਣੇ ਕਿਸੇ ਪਿਆਰੇ ਦੇ ਦੂਰ ਜਾਣ ਦੇ ਦਰਦ ਨੂੰ ਕਣਕਾਂ ਰਾਹੀਂ ਪ੍ਰਗਟ ਕੀਤਾ ਮਿਲਦਾ ਹੈ:

**ਐਧਰ ਕਣਕਾਂ ਓਧਰ ਕਣਕਾਂ, ਵਿੱਚ ਕਣਕਾਂ ਦੇ ਬੂਰ ਪਿਆ**
**ਛੱਡ ਆਈਆਂ ਬਹਾਰਾਂ ਨੂੰ, ਚੰਦਰਾ ਮੈਥੋਂ ਬੜੇ ਦੂਰ ਗਿਆ।**

ਕਣਕ ਤੇ ਛੋਲੇ ਪੰਜਾਬ ਦੀ ਹਾੜ੍ਹੀ ਦੀਆਂ ਪ੍ਰਮੁੱਖ ਫ਼ਸਲਾਂ ਹਨ। ਇਨ੍ਹਾਂ ਦੇ ਨਿਸਰਨ ਭਾਵ ਦਾਣਿਆਂ ਲਈ ਬੱਲੀਆਂ ਅਤੇ ਟਾਟਾਂ ਬਣਨ ਦੀ ਪ੍ਰਕਿਰਿਆ ਦੇ ਹੌਲੀ ਹੌਲੀ ਵਾਪਰਨ ਵਾਂਗ ਲੜਕੀਆਂ/ ਧੀਆਂ ਦੇ ਆਪਣੇ ਪੇਕੇ ਘਰ ਨੂੰ ਹੌਲੀ ਹੌਲੀ ਭੁੱਲਣ ਸਬੰਧੀ ਕਣਕ ਤੇ ਛੋਲਿਆਂ ਦੇ ਨਿਸਰਨ ਰਾਹੀਂ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ :

**ਕਣਕ ਤੇ ਛੋਲਿਆਂ ਦਾ ਖੇਤ ਹੌਲੀ ਹੌਲੀ ਨਿਸਰੇਗਾ**
**ਬਾਬਲ ਦਾ ਵਿਹੜਾ ਹੌਲੀ ਹੌਲੀ ਵਿਸਰੇਗਾ।**
**ਬਾਬਲ ਧਰਮੀ ਦਾ ਦੇਸ਼**
**ਹੌਲੀ ਹੌਲੀ ਵਿਸਰੇਗਾ।**

ਕੁਝ ਇਸੇ ਤਰ੍ਹਾਂ ਹੀ ਕਣਕਾਂ ਦੇ ਨਿਸਰਨ ਰਾਹੀਂ ਟੱਪਿਆਂ, ਬੋਲੀਆਂ ਵਿੱਚ ਮਾਵਾਂ ਨੂੰ ਧੀਆਂ ਦੇ ਵਿਸਰਨ ਸਬੰਧੀ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

**ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ**
**ਕਣਕਾਂ ਨਿਸਰੀਆਂ ਧੀਆਂ ਕਿਉਂ ਵਿਸਰੀਆਂ ਮਾਏ।**

ਲੋਕ ਸਿਆਣਪਾਂ ਮਨੁੱਖੀ ਤਜਰਬਿਆਂ ਦਾ ਨਿਚੋੜ ਹਨ। ਵੱਖ ਵੱਖ ਪੱਖਾਂ ਦੇ ਨਾਲ ਨਾਲ ਖੇਤੀਬਾੜੀ ਸਬੰਧੀ ਕਾਫ਼ੀ ਕੁਝ ਇਨ੍ਹਾਂ ਲੋਕ ਸਿਆਣਪਾਂ ਦਾ ਹਿੱਸਾ ਹੈ। ਕੁਝ ਇਸ ਤਰ੍ਹਾਂ ਹੀ ਲੋਕ ਸਿਆਣਪਾਂ ਵਿੱਚ ਕਣਕ ਵਰਗੀਆਂ ਫ਼ਸਲਾਂ ਵਿੱਚ ਰੂੜੀ ਦੀ ਖਾਦ ਦੇ ਉਪਯੋਗ ਕਰਨ ਦੇ ਮਹੱਤਵ ਸਬੰਧੀ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

**ਕਣਕ, ਕਮਾਦੀ, ਕਪਾਹ, ਮੱਕੀ ਖੇਤੀ ਕੁੱਲ**
**ਰੂੜੀ ਬਾਝ ਨਾ ਹੁੰਦੀਆਂ, ਕਿਤੇ ਨਾ ਜਾਣੀ ਭੁੱਲ।**

ਵਿਸ਼ਵ ਦੇ ਦੂਸਰੇ ਹਿੱਸਿਆਂ ਦੇ ਲੋਕਾਂ ਦੇ ਨਾਲ ਨਾਲ ਕਣਕ ਪੰਜਾਬੀਆਂ ਦੀ ਖ਼ੁਰਾਕ ਦਾ ਵੀ ਪ੍ਰਮੁੱਖ ਹਿੱਸਾ ਹੈ। ਕਣਕ ਦੀ ਫ਼ਸਲ ਦੇ ਉਪਯੋਗ ਸਬੰਧੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਪੁਰਾਣੀ ਹੋਣ ਦੇ ਨਾਲ ਵਧੇਰੇ ਗੁਣਕਾਰੀ ਅਤੇ ਖ਼ੁਰਾਕੀ ਪੱਖ ਤੋਂ ਵਧੇਰੇ ਉਪਯੋਗੀ ਹੋ ਜਾਂਦੀ ਹੈ। ਕਣਕ ਦੇ ਅਜਿਹੇ ਪੱਖ ਸਬੰਧੀ ਪੰਜਾਬੀ ਲੋਕ ਸਿਆਣਪਾਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

**ਕਣਕ ਪੁਰਾਣੀ, ਘਿਓ ਨਵਾਂ, ਘਰ ਸਤਵੰਤੀ ਨਾਰ**
**ਘੋੜਾ ਹੋਵੇ ਚੜ੍ਹਨ ਨੂੰ, ਸੁਖੀ ਹੋਵੇ ਸੰਸਾਰ।**






ਪੰਜਾਬੀ ਲੋਕ ਕਹਾਵਤਾਂ, ਅਖਾਣਾਂ, ਮੁਹਾਵਰਿਆਂ, ਲੋਕ ਸਿਆਣਪਾਂ ਵਿੱਚ ਵੱਖ ਵੱਖ ਫ਼ਸਲਾਂ ਨੂੰ ਵੱਖ ਵੱਖ ਰੂਪਾਂ ਵਿੱਚ ਚਿਤਰਿਆ ਮਿਲਦਾ ਹੈ। ਕੁਝ ਇਸੇ ਤਰ੍ਹਾਂ ਹੀ ਜੇਕਰ ਕੋਈ ਬਿਨਾਂ ਕਿਸੇ ਸੰਭਾਵਨਾ, ਤਿਆਰੀ, ਹਾਲਾਤ ਦੇ ਕਿਸੇ ਵਰਤਾਰੇ ਦੇ ਵਾਪਰਨ ਦੀ ਗੱਲ ਕਰੇ ਤਾਂ ਇਸ ਤਰ੍ਹਾਂ ਦੇ ਵਰਤਾਰੇ ਸੰਬੰਧੀ ਕਣਕ ਰਾਹੀਂ ਇਸ ਤਰ੍ਹਾਂ ਕਿਹਾ ਮਿਲਦਾ ਹੈ :

**ਕਣਕ ਖੇਤ, ਕੁੜੀ ਪੇਟ ਆ ਜਵਾਈ ਮੰਡੇ ਖਾ।**

ਕਣਕ ਦੀ ਫ਼ਸਲ ਪੰਜਾਬੀ ਕਿਸਾਨਾਂ ਦੀ ਆਰਥਿਕਤਾ ਦਾ ਮੁੱਖ ਸ੍ਰੋਤ ਰਹੀ ਹੈ। ਕਿਸਾਨੀ ਦੀ ਮਾੜੀ ਆਰਥਿਕਤਾ ਅਤੇ ਖੇਤੀ ਆਧਾਰਿਤ ਦੂਸਰੇ ਕਿੱਤਿਆਂ ਦੀ ਸਫਲਤਾ ਨੂੰ ਕਣਕ ਰਾਹੀਂ ਸ਼ਾਇਰ ਸੰਤ ਰਾਮ ਉਦਾਸੀ ਕੁਝ ਇਸ ਤਰ੍ਹਾਂ ਵਿਅਕਤ ਕਰਦਾ ਹੈ :

**ਸਾਡੇ ਪਿੜ ਵਿੱਚ ਤੇਰੇ ਗਲ ਚੀਥੜੇ**
**ਨੀ ਮੇਰੀਏ ਜਵਾਨ ਕਣਕੇ**
**ਕੱਲ੍ਹ ਸ਼ਾਹਾਂ ਦੇ ਗੁਦਾਮ ਵਿੱਚੋਂ ਨਿਕਲੇਂ**
**ਤੂੰ ਸੋਨੇ ਦਾ ਪਟੋਲਾ ਬਣਕੇ**

ਕਣਕ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੋਣ ਕਾਰਨ ਪੰਜਾਬੀ ਕਿਸਾਨੀ ਦੀ ਆਰਥਿਕਤਾ ਦਾ ਪ੍ਰਮੁੱਖ ਧੁਰਾ ਰਹੀ ਹੈ। ਪੰਜਾਬੀਆਂ ਦੀਆਂ ਬਹੁਤ ਸਾਰੀਆਂ ਹੀ ਗਰਜ਼ਾਂ ਕਣਕ ਦੀ ਫ਼ਸਲ 'ਤੇ ਨਿਰਭਰ ਹੁੰਦੀਆਂ ਸਨ ਪ੍ਰੰਤੂ ਕਿਸੇ ਕਿਸਾਨ ਵੱਲੋਂ ਕਣਕ ਦਾ ਸਾਰਾ ਬੋਹਲ ਵੇਚਣ ਦੇ ਬਾਵਜੂਦ ਖਾਲੀ ਰਹਿਣ ਦੇ ਵਰਤਾਰੇ ਦਾ ਵਰਣਨ ਵੀ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ :

**ਬੋਹਲ ਸਾਰਾ ਵੇਚਿਆ ਗਿਆ**
**ਛਿੱਲੜਾ ਇੱਕ ਹੱਥ ਨਾ ਆਇਆ।**

ਕਿਸਾਨਾਂ ਦੀ ਆਰਥਿਕਤਾ ਦਾ ਮੁੱਖ ਸਰੋਤ ਫ਼ਸਲਾਂ ਹੁੰਦੀਆਂ ਹਨ। ਸਾਰੇ ਖ਼ਰਚੇ ਉਨ੍ਹਾਂ 'ਤੇ ਨਿਰਭਰ ਹੁੰਦੇ ਹਨ। ਉਨ੍ਹਾਂ 'ਤੇ ਪਈਆਂ ਵੱਖ ਵੱਖ ਤਰ੍ਹਾਂ ਦੀਆਂ ਮਾਰਾਂ ਨੂੰ ਵੀ ਆਰਥਿਕ ਰੂਪ ਵਿੱਚ ਫ਼ਸਲਾਂ ਹੀ ਸਹਿਣ ਕਰਦੀਆਂ ਹਨ। ਕਿਸਾਨਾਂ ਦੇ ਅਜਿਹੇ ਪੱਖ ਦਾ ਜ਼ਿਕਰ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ :



**ਕਣਕ ਤੇਰੀ ਵਕੀਲਾਂ ਖਾਧੀ**
**ਸਾਉਣੀ ਤੇਰੀ 'ਤੇ ਕਬਜ਼ਾ ਸ਼ਾਹਾਂ ਦਾ।**

ਕਣਕ ਪੰਜਾਬੀਆਂ ਦੀ ਖ਼ੁਰਾਕ ਦਾ ਪ੍ਰਮੁੱਖ ਸਰੋਤ ਹੈ। ਇਹ ਅਨੇਕਾਂ ਖ਼ੁਰਾਕੀ ਤੱਤਾਂ ਨਾਲ ਭਰਪੂਰ ਹੁੰਦੀ ਹੈ। ਪੰਜਾਬੀ ਘਰਾਂ ਵਿੱਚ ਹੋਰ ਬਹੁਤ ਸਾਰੇ ਪਕਵਾਨਾਂ ਦੇ ਨਾਲ ਨਾਲ ਰੋਟੀਆਂ ਬਣਾਉਣ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਕਣਕ ਦੇ ਅਜਿਹੇ ਖ਼ੁਰਾਕੀ ਪੱਖ ਨੂੰ ਲੋਕ ਕਾਵਿ ਰੂਪਾਂ ਵਿੱਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਮਿਲਦਾ ਹੈ :

**ਬੱਗੀ ਬੱਗੀ ਕਣਕ ਦੇ ਮੰਡੇ ਮੈਂ ਪਕਾਉਂਨੀ ਆਂ**
**ਛਾਵੇਂ ਬਹਿ ਕੇ ਖਾਵਾਂਗੇ**
**ਚਿੱਤ ਕਰੂ ਮੁਕਲਾਵੇ ਜਾਵਾਂਗੇ।**

ਕਦੇ ਪੰਜਾਬ ਵਿੱਚ ਕਣਕ ਦਾ ਉਤਪਾਦਨ ਘੱਟ ਹੋਣ ਕਾਰਨ ਕਣਕ ਦੀ ਰੋਟੀ ਦੀ ਥਾਂ ਦੂਸਰੇ ਅਨਾਜਾਂ ਦੀ ਵਰਤੋਂ ਰੋਟੀ ਬਣਾਉਣ ਲਈ ਕੀਤੀ ਜਾਂਦੀ ਸੀ। ਮਾਲਵੇ ਵਿੱਚ ਇਸ ਲਈ ਆਮ ਕਰਕੇ 'ਬੇਰੜੇ' ਜਾਂ ਸਰਦੀ ਵਿੱਚ ਬਾਜਰੇ ਦੀ ਵਰਤੋਂ ਕੀਤੀ ਜਾਂਦੀ ਹੈ। ਕਣਕ ਦੀਆਂ ਰੋਟੀਆਂ ਕੁਝ ਖ਼ਾਸ ਲੋਕਾਂ ਨੂੰ ਵਿਸ਼ੇਸ਼ ਮੌਕਿਆਂ 'ਤੇ ਦਿੱਤੀਆਂ ਜਾਂਦੀਆਂ ਸਨ। ਕਣਕ ਦੇ ਅਜਿਹੇ ਪੱਖ ਨੂੰ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਪ੍ਰਗਟਾਇਆ ਮਿਲਦਾ ਹੈ :

**ਅਸੀਂ ਯਾਰ ਦੀ ਤਰੀਕੇ ਜਾਣਾ ਕਣਕ ਦੇ ਲਾਹਦੇ ਫੁਲਕੇ।**

ਕਣਕ ਦੇ ਵਿਸ਼ੇਸ਼ ਮਹੱਤਵ ਕਾਰਨ ਲੋਕ ਸਾਹਿਤ ਦੇ ਵੱਖ ਵੱਖ ਰੂਪਾਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ। ਕੁਝ ਅਜਿਹਾ ਹੋਣ ਕਾਰਨ ਹੀ ਲੋਰੀਆਂ ਵਿੱਚ ਕਣਕ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

**ਅੱਲੜ ਬੱਲੜ ਬਾਵੇ ਦਾ, ਬਾਵਾ ਕਣਕ ਲਿਆਵੇਗਾ**
**ਬਾਵੀ ਬਹਿ ਕੇ ਛੱਟੇਗੀ, ਮਾਂ ਪੂਣੀਆਂ ਕੱਤੇਗੀ**
**ਬਾਵੀ ਮੰਡੇ ਪਕਾਵੇਗੀ, ਬਾਵੀ ਬਹਿ ਕੇ ਖਾਵੇਗੀ**

ਰੋਟੀਆਂ ਬਣਾਉਣਾ ਸੁਆਣੀਆਂ ਦੇ ਘਰੇਲੂ ਕੰਮ ਕਾਰ ਦਾ ਹਿੱਸਾ ਹੈ। ਸ਼ੌਕ ਨਾਲ ਤਿਆਰ ਕੀਤੀਆਂ ਜਾਂਦੀਆਂ ਕਣਕ ਦੀਆਂ ਹਲਕੀਆਂ ਫੁਲਕੀਆਂ ਰੋਟੀਆਂ ਨੂੰ ਫੁਲਕੇ ਕਿਹਾ ਜਾਂਦਾ ਹੈ। ਅਜਿਹਾ ਹੋਣ ਕਾਰਨ ਲੋਕ ਬੋਲੀਆਂ ਵਿੱਚ ਇਸ ਪੱਖ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

**ਅਰਬੀ ਅਰਬੀ ਅਰਬੀ**
**ਬਈ ਵਹੁਟੀ ਨੌਕਰ ਦੀ**
**ਪਾਣੀ ਖੂਹ ਤੋਂ ਭਰਦੀ**
**ਚਾਰਮ ਕਣਕ ਦੀਆਂ ਲਾਹੁੰਦੀ ਫੁਲਕੇ**
**ਦਾਲ ਕੱਢੂ ਦੀ ਧਰਦੀ।**

ਸਿੱਠਣੀਆਂ ਵਿਆਹ ਸਮੇਂ ਗਾਏ ਜਾਣ ਵਾਲੇ ਗੀਤ ਹਨ। ਇਨ੍ਹਾਂ ਵਿੱਚ ਕਾਫ਼ੀ ਕੁਝ ਪ੍ਰਤੀਕਾਤਮਕ ਰੂਪ ਵਿੱਚ ਵਿਅਕਤ ਕੀਤਾ ਮਿਲਦਾ ਹੈ। ਲਾੜੇ ਨੂੰ ਦਿੱਤੀਆਂ ਜਾਂਦੀਆਂ ਸਿੱਠਣੀਆਂ ਵਿੱਚ ਕਣਕ ਰਾਹੀਂ ਕੁਝ ਇਸ ਤਰ੍ਹਾਂ ਵੀ ਕਿਹਾ ਮਿਲਦਾ ਹੈ:

**ਲਾੜੇ ਦੀ ਭੈਣ ਦੀ ਕਣਕ, ਹੁਲਾਰੇ ਆਈ**
**ਕਣਕ ਹੋਈ ਮਣ ਚਾਰ**
**ਹਾਲਾ ਮੰਗਾਈ ਸਰਕਾਰ**
**ਬਈ ਕਣਕ ਹੁਲਾਰੇ ਆਈ।**

ਕਣਕ ਸਰਦੀ ਦੇ ਮੌਸਮ ਦੀ ਫ਼ਸਲ ਹੈ। ਚੇਤ ਮਹੀਨੇ ਦੇ ਕੁਝ ਗਰਮ ਹੋਏ ਦਿਨਾਂ ਵਿੱਚ ਇਸ ਦਾ ਰੰਗ ਸੁਨਹਿਰੀ ਹੋਣਾ ਸ਼ੁਰੂ ਹੋ ਜਾਂਦਾ ਹੈ। ਵਿਸਾਖ ਮਹੀਨੇ ਦੇ ਆਰੰਭ ਵਿੱਚ ਇਸ ਦੀ ਕਟਾਈ ਸ਼ੁਰੂ ਹੋ ਜਾਂਦੀ ਹੈ। ਕਣਕ ਦੇ ਅਜਿਹੇ ਪੱਖ ਦਾ ਜ਼ਿਕਰ ਟੱਪਿਆਂ ਤੇ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ:

**ਚੜ੍ਹਿਆ ਵਿਸਾਖ**
**ਕਣਕਾਂ ਵੀ ਪੱਕੀਆਂ**
**ਛੋਲੇ ਹੋਏ ਗਰੜ ਬਰੜੇ**

ਕਣਕ ਦੀ ਬੱਲੀ ਵਿੱਚ ਦਾਣੇ ਪਣਪਣ ਤੋਂ ਲੈ ਕੇ ਪੱਕਣ ਤੱਕ ਦੀ ਪ੍ਰਕਿਰਿਆ ਹੁੰਦੀ ਹੈ। ਇਸ ਦੇ ਨਾਲ ਨਾਲ ਇਸ ਦੀ ਵਿਸ਼ੇਸ਼ ਬਣਤਰ ਵੀ ਆਕਰਸ਼ਿਤ ਕਰਨ ਵਾਲੀ ਹੁੰਦੀ ਹੈ। ਅਜਿਹਾ ਹੋਣ ਕਾਰਨ ਇਸ ਦੀ ਵਰਤੋਂ ਪ੍ਰਤੀਕਾਤਮਕ ਰੂਪ ਵਿੱਚ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ:

**ਬੱਲੀਏ ਕਣਕ ਦੀਏ**
**ਤੈਨੂੰ ਖਾਣਗੇ ਨਸੀਬਾਂ ਵਾਲੇ।**

ਕਣਕ ਦੀਆਂ ਬੱਲੀਆਂ ਰਾਹੀਂ ਆਪਣੇ ਮਹਿਰਮ ਦੇ ਆਉਣ ਦੀ ਦੇਰੀ ਦਾ ਉਲਾਂਭਾ ਕੁਝ ਇਸ ਤਰ੍ਹਾਂ ਦਿੱਤਾ ਗਿਆ ਮਿਲਦਾ ਹੈ :

**ਵੇ ਹਾਣੀਆਂ, ਕਣਕਾਂ ਨੂੰ ਲੱਗੀਆਂ ਗਿੱਠ ਗਿੱਠ**
**ਲੰਬੀਆਂ ਬੱਲੀਆਂ**
**ਦਿਲ ਦੇ ਮਹਿਰਮਾ, ਤੇਰੇ ਆਉਣ ਦੀਆਂ**
**ਇਹ ਤਰੀਖਾਂ ਇਹ ਵੀ ਲੰਘ ਚੱਲੀਆਂ।**

ਕਣਕ ਕਿਸਾਨਾਂ ਦੀ ਆਰਥਿਕਤਾ ਦਾ ਪ੍ਰਮੁੱਖ ਸਰੋਤ ਹੋਣ ਕਾਰਨ ਕਣਕ ਦੇ ਆਉਣ 'ਤੇ ਕਿਸਾਨਾਂ ਵਿੱਚ ਹੌਸਲਾ ਆਉਣਾ ਲਾਜ਼ਮੀ ਹੈ। ਅਜਿਹੇ ਪੱਖ ਦਾ ਜ਼ਿਕਰ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ :

**ਜੱਟ ਸ਼ਾਹਾਂ ਨੂੰ ਖੰਘੂਰੇ ਮਾਰੇ**
**ਕਣਕਾਂ ਨਿੱਸਰ ਗਈਆਂ**

ਅਜੋਕੇ ਖੇਤੀਬਾੜੀ ਨਾਲ ਸੰਬੰਧਤ ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਘਰ ਦੀਆਂ ਸੁਆਣੀਆਂ ਸਮੇਤ ਘਰ ਦੇ ਸਾਰੇ ਮੈਂਬਰ ਖੇਤੀਬਾੜੀ ਵਿੱਚ ਆਪਣੀ ਆਪਣੀ ਭੂਮਿਕਾ ਨਿਭਾਉਂਦੇ ਸਨ। ਇਸ ਸਮੇਂ ਗਰਮੀ ਵਧਣ ਕਾਰਨ ਕਣਕ ਦੀ ਫ਼ਸਲ ਦੇ ਪੌਦਿਆਂ ਦੇ ਜਲਦੀ ਸੁੱਕ ਕੇ ਇਸ ਦੀਆਂ ਬੱਲੀਆਂ ਦੇ ਜਲਦੀ ਝੜਨ ਦਾ ਖ਼ਤਰਾ ਵਧੇਰੇ ਹੁੰਦਾ ਹੈ। ਅਜਿਹਾ ਹੋਣ ਕਾਰਨ ਵਾਢੀ ਵਿੱਚ ਸਹਿਯੋਗ ਲਈ ਕਿਸੇ ਔਰਤ ਵੱਲੋਂ ਮਰਦ ਮੈਂਬਰ ਦੇ ਬਰਾਬਰ ਹਾੜ੍ਹੀ ਵੱਢਣ ਦੀ ਗੱਲ ਕੀਤੀ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦੀ ਹੈ :

**ਦਾਤੀ ਨੂੰ ਲਵਾ ਦੇ ਘੁੰਗਰੂ**
**ਹਾੜ੍ਹੀ ਵੱਢੂੰਗੀ ਬਰੋਬਰ ਤੇਰੇ।**

ਹਾੜ੍ਹੀ ਵੱਢਣ ਦੇ ਦਿਨਾਂ ਵਿੱਚ ਗਰਮੀ ਹੋ ਜਾਂਦੀ ਹੈ। ਨਾਲ ਦੀ ਨਾਲ ਕਣਕ ਦੀ ਵਾਢੀ ਸਖ਼ਤ ਮਿਹਨਤ ਵਾਲਾ ਕੰਮ ਹੈ। ਅਜਿਹਾ ਹੋਣ ਕਾਰਨ ਵਾਢੀ ਕਰਦਿਆਂ ਦੇ ਪਸੀਨਾ ਆਉਣਾ ਵੀ ਆਮ ਜਿਹੀ ਗੱਲ ਹੈ। ਟੱਪਿਆਂ ਵਿੱਚ ਕਣਕ ਦੀ ਵਾਢੀ ਨਾਲ ਸੰਬੰਧਤ ਅਜਿਹੇ ਪੱਖ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

**ਵਾਢੀ ਕਰਦੀ ਬਰੋਬਰ ਤੇਰੇ**
**ਮੱਥੇ ਤੋਂ ਚੋਵੇ ਮੁੜਕਾ।**

ਇਸ ਤਰ੍ਹਾਂ ਕਣਕ ਪੰਜਾਬ ਦੀ ਪ੍ਰਮੁੱਖ ਫ਼ਸਲ ਹੋਣ ਦੇ ਨਾਲ ਨਾਲ ਮੁੱਖ ਖ਼ੁਰਾਕੀ ਪਦਾਰਥ ਹੈ। ਇਕੱਲਾ ਪੰਜਾਬ ਹੀ ਨਹੀਂ ਬਲਕਿ ਵਿਸ਼ਵ ਪੱਧਰ 'ਤੇ ਖ਼ੁਰਾਕੀ ਜ਼ਰੂਰਤਾਂ ਦੀ ਪੂਰਤੀ ਲਈ ਕਣਕ ਮੱਕੀ ਤੋਂ ਬਾਅਦ ਦੂਸਰੀ ਸਭ ਤੋਂ ਵੱਧ ਪੈਦਾ ਕੀਤੀ ਜਾਣ ਵਾਲੀ ਫ਼ਸਲ ਹੈ। ਇਹ ਬਹੁਤ ਸਾਰੇ ਖ਼ੁਰਾਕੀ ਤੱਤਾਂ ਨਾਲ ਭਰਪੂਰ ਹੁੰਦੀ ਹੈ। ਇਸ ਵਿੱਚ ਕਾਰਬੋਹਾਈਡਰੇਟ, ਪ੍ਰੋਟੀਨ ਅਤੇ ਦੂਸਰੇ ਸੂਖਮ ਖ਼ੁਰਾਕੀ ਖਣਿਜ ਪਦਾਰਥ ਮੌਜੂਦ ਹੁੰਦੇ ਹਨ। ਕਣਕ ਦੇ ਬਹੁਪੱਖੀ ਮਹੱਤਵ ਕਾਰਨ ਇਹ ਲੋਕ ਸਾਹਿਤ ਅਤੇ ਸੱਭਿਆਚਾਰ ਵਿੱਚ ਵੀ ਵਿਸ਼ੇਸ਼ ਪਛਾਣ ਰੱਖਦੀ ਹੈ।



# AKALI SINGH GURDWARA

## Vaisakhi Greetings To All

## ਸਮੂਹ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਅਤੇ ਵੈਸਾਖੀ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ।

**GURUDWARA PRABANDHAK COMMITTEE**

**Tel:604-254-2117**

**Fax: 604-254-5309**



ਖਾਲਸਾ ਦੇ ਸਾਜਨਾ ਦਿਵਸ ਅਤੇ ਵਿਸਾਖੀ
ਦੀਆਂ ਲੱਖ-ਲੱਖ ਵਧਾਈਆਂ

# TAX PRO
## Accounting Inc.



- Accounting & Auditing
- Income Tax
- Corporate & Personal
- WCB • GST/HST • Payroll

- ਅਕਾਊਂਟਿੰਗ ਅਤੇ ਆਡਿਟਿੰਗ
- ਇਨਕਮ ਟੈਕਸ • ਪੇਰੋਲ
- ਕਾਰਪੋਰੇਟ ਅਤੇ ਪਰਸਨਲ ਟੈਕਸ
- WCB • GST/HST

**Talwinder Athwal**
Accountant
**604-506-7545**

10+ Years Experience

**#218 - 13588 88 Ave., Surrey , BC**
**Email: taxproaccounting@mail.com**

# ORACLE IMMIGRATION
## CONSULTANCY INC.


*We Provide All Kinds Of Immigration Services*

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਸਟਡੀ ਪਰਮਿਟ
- ਵਰਕ ਪਰਮਿਟ
- ਸੁਪਰ ਵੀਜ਼ਾ
- ਵਿਜ਼ਟਰ ਵੀਜ਼ਾ
- ਫੈਮਲੀ ਸਪਾਂਸਰਸ਼ਿਪ
- ਪੀ.ਆਰ • ਸਿਟੀਜ਼ਨਸ਼ਿਪ

rcic · cric

- LMIA • PNP
- Express Entry
- Student Visa
- Study Permit
- Work Permit
- Visitor Visa
- Super Visa
- Family Sponsorship
- Permanent Resident
- Citizenship

**Bal Athwal: 604-506-8900**
**#215 - 13588 88 Ave., Surrey , BC**


www.nanakfoods.com
Follow Us:
NANAK
- 100% Vegetarian -
Happy Vaisakhi
Celebrate Health, Taste, and Tradition with Nanak Ghee. Experience the richness of tradition and the purity of health in every spoonful.
NANAK
Desi
Ghee

fruiticana hee jaana!

# Happy Vaisakhi

## LOWEST PRICES IN TOWN

**UNBEATABLE EXTRA SUPER SPECIAL**
Rajan Mangoes (Haden) 4 kg
ਰਾਜਨ ਹੇਡਨ ਅੰਬ
$17.99 box

**EXTRA SUPER SUPER SPECIAL**
Jumbo Size Cauliflower (Size 9)
ਵੱਡਾ ਗੋਬੀ ਦਾ ਫੁੱਲ ਸਾਈਜ਼ 9
$3.49 ea.

Gala Apples US #1
ਗਾਲਾ ਸੇਬ ਯੂ.ਐਸ. #੧
$1.39 lb

SUPER SPECIAL
Yellow Onions 50 lbs
ਪੀਲੇ ਗੰਢੇ
$23.98 bag

SUPER SPECIAL
Happy Dairy Paneer 300 g
ਹੈਪੀ ਪਨੀਰ
$3.99 pkg.

SUPER SPECIAL
Sher Atta Desi Style 20 lbs
ਸ਼ੇਰ ਆਟਾ ਦੇਸੀ ਸਟਾਈਲ
$13.99 bag

Chickpeas
ਚਿੱਟੇ ਛੋਲੇ
98¢ lb

Fresh Ginger
ਤਾਜ਼ਾ ਅਦਰਕ
$1.48 lb

SUPER SPECIAL
Fine Cane Sugar (Indican) 4 lbs
ਗੰਨੇ ਦੀ ਖੰਡ 4lbs
$3.99 bag

SUPER SPECIAL
Tata Tea 220's
ਟਾਟਾ ਚਾਹ
$6.99 box

SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50

Sher Besan 4 lbs
ਸ਼ੇਰ ਵੇਸਣ
$3.98 bag

Desi Karela
ਦੇਸੀ ਕਰੇਲਾ
$1.88 lb

Opo Squash (Long)
ਓਪੋ ਕੱਦੂ
98¢ lb

Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99

Indian Eggplants
ਦੇਸੀ ਬਤਾਊਂ
$1.49 lb

Almonds #1 Large Size
ਵੱਡੇ ਬਦਾਮ
$3.98 lb

Rapini (Sarson da Saag)
ਸਰਸੋਂ ਦਾ ਸਾਗ
$2.79 bunch

Long Eggplants
ਲੰਬੇ ਬਤਾਊਂ
$1.49 lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb

Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag

Red Lentil Split or Whole
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ
88¢ lb

Cilantro
ਧਣੀਆ
2 bunches for $1.49

Daikon (Moli)
ਮੂਲੀ
99¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag

Natural Cashew Nuts Roasted
ਕੁਦਰਤੀ ਭੁੰਨੇ ਕਾਜੂ
$5.99 lb

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Thur Apr 11, 2024 - Wed Apr 17, 2024
We reserve the right to limit the quantities while they last
Specials valid for Lower Mainland only
Product images may differ from the actual product.

23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |